ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 31 March, 2025) ਪਟਿਆਲਾ ਸੋਮਵਾਰ, 31 ਮਾਰਚ, 2025, 18 ਚੇਤ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 88 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪੰਜਾਬ ਦੇ ਰਾਜਪਾਲ ਵੱਲੋਂ ਈਦ-ਉਲ-ਫਿਤਰ ਦੀ ਵਧਾਈ

ਚੰਡੀਗੜ੍ਹ, 30 ਮਾਰਚ (ਚ.ਨ.ਸ.) : ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਈਦ-ਉਲ-ਫਿਤਰ ਦੀ ਪੂਰਵ ਸੰਧਿਆ ਮੌਕੇ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਵਧਾਈਆਂ ਦਿੱਤੀਆਂ।ਸ੍ਰੀ ਕਟਾਰੀਆ ਨੇ ਕਿਹਾ, ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਸਮਾਪਤੀ ਨੂੰ ਦਰਸਾਉਣ ਅਤੇ ਲੋਕਾਂ ਵਿੱਚ ਨੇਕ

(ਬਾਕੀ ਸਫਾ 2 'ਤੇ)

## 'ਯੁੱਧ ਨਸ਼ਿਆ ਵਿਰੁੱਧ': ਭਗਵੰਤ ਮਾਨ ਵੱਲੋਂ ਪੰਜਾਬੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਦਾ ਹਿੱਸਾ ਬਣਨ ਦੀ ਅਪੀਲ

### ਮੁੱਖ ਮੰਤਰੀ ਵੱਲੋਂ ਨਸ਼ਾ ਤਸਕਰਾਂ ਨਾਲ ਸਬੰਧਤ ਸੂਚਨਾ ਸਾਂਝੀ ਕਰਨ ਲਈ ਵਟਸਐਪ ਨੰਬਰ 9779100200 ਜਾਰੀ

ਚੜ੍ਹਦੀਕਲਾ ਬਿਊਰੋ
==============

ਚੰਡੀਗੜ੍ਹ, 30 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੇਠ ਨਸ਼ਿਆਂ ਦੀ ਅਲਾਮਤ ਖਿਲਾਫ ਵਿੱਢੀ ਜੰਗ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਸਮੂਹ ਪੰਜਾਬੀਆਂ ਨੂੰ ਵਧ-ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।



ਇੱਕ ਆਡੀਓ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਦੇ ਰੂਪ ਵਿੱਚ ਨਸ਼ਿਆਂ ਦੇ ਖਿਲਾਫ ਵਿਆਪਕ ਪੱਧਰ ਉਤੇ ਸਖਤ ਕਾਰਵਾਈ ਸ਼ੁਰੂ ਕੀਤੀ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਸਿੱਧੀ ਸਰਪ੍ਰਸਤੀ ਹੋਣ ਕਾਰਨ ਨਸ਼ਿਆਂ ਦੀ ਸਮੱਸਿਆ ਨੇ ਸੂਬੇ ਵਿੱਚ ਆਪਣੇ ਪੈਰ ਪਸਾਰ ਲਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਮੁਹਿੰਮ ਸ਼ੁਰੂ ਕੀਤੀ ਹੈ ਜਿਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਜੰਗ ਆਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਹੀ ਜਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਜੰਗ ਵਿੱਚ ਲੋਕਾਂ ਦਾ ਸਹਿਯੋਗ ਲੈਣ ਲਈ ਵਟਸਐਪ ਹੈਲਪਲਾਈਨ ਨੰਬਰ 9779100200 ਜਾਰੀ ਕੀਤਾ। ਮਾਨ ਨੇ ਲੋਕਾਂ ਨੂੰ ਆਪਣੇ ਖੇਤਰ ਜਾਂ ਸ਼ਹਿਰ ਵਿੱਚ ਸਰਗਰਮ ਨਸ਼ਾ ਤਸਕਰਾਂ ਨਾਲ ਸਬੰਧਤ ਕੋਈ ਵੀ ਜਾਣਕਾਰੀ ਇਸ ਵਟਸਐਪ ਨੰਬਰ 'ਤੇ ਸਾਂਝੀ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਫੋਨ ਕਰਨ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਕਿਸੇ ਕੋਲ ਵੀ ਇਸ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਆਰ-ਪਾਰ ਦੀ ਲੜਾਈ ਵਿੱਚ ਲੋਕਾਂ ਦਾ ਪੂਰਾ ਸਮਰਥਨ ਅਤੇ ਸਹਿਯੋਗ ਬਹੁਤ ਜ਼ਰੂਰੀ ਹੈ, ਜਿਸ ਕਰਕੇ ਲੋਕਾਂ ਨੂੰ ਇਸ ਦਾ ਵੱਡੇ ਪੱਧਰ 'ਤੇ ਸਮਰਥਨ ਕਰਨਾ ਚਾਹੀਦਾ ਹੈ। ਮਾਨ ਨੇ ਲੋਕਾਂ ਨੂੰ ਆਪਣੇ ਫੋਨ ਰਾਹੀਂ ਹੈਲਪਲਾਈਨ ਨੰਬਰ 'ਤੇ ਨਸ਼ਾ ਤਸਕਰੀ ਨਾਲ ਸਬੰਧਤ ਸੂਚਨਾ ਦੇ ਕੇ ਇਸ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ।

## ਮਨੀਪੁਰ, ਨਾਗਾਲੈਂਡ ਤੇ ਅਰੁਣਾਚਲ 'ਚ 6 ਮਹੀਨਿਆਂ ਲਈ ਵਧਾਈ ਅਫ਼ਸਪਾ

ਨਵੀਂ ਦਿੱਲੀ, 30 ਮਾਰਚ (ਚੜ੍ਹਦੀਕਲਾ ਬਿਊਰੋ) : ਪੂਰੇ ਮਨੀਪੁਰ 'ਚ ਕਾਨੂੰਨ ਵਿਵਸਥਾ ਦੇ ਮੁੱਦਿਆਂ ਦੇ ਮੱਦੇਨਜ਼ਰ 13 ਪੁਲਿਸ ਥਾਣਿਆਂ ਨੂੰ ਛੱਡ ਕੇ ਅਫਸਪਾ ਨੂੰ 6 ਮਹੀਨਿਆਂ ਲਈ ਵਧਾ ਦਿਤਾ ਗਿਆ ਸੀ। ਅਫ਼ਸਪਾ ਯਾਨੀਕਿ ਫ਼ੌਜੀ ਬਲ (ਵਿਸ਼ੇਸ਼ ਤਾਕਤਾਂ) ਐਕਟ ਦੀ ਅਕਸਰ ਸਖ਼ਤ ਕਾਨੂੰਨ ਵਜੋਂ ਆਲੋਚਨਾ ਕੀਤੀ ਜਾਂਦੀ ਹੈ, ਫੌਜ ਨੂੰ 'ਅਸ਼ਾਂਤ ਖੇਤਰਾਂ' 'ਚ ਵਿਆਪਕ ਸ਼ਕਤੀਆਂ ਦਿੰਦਾ ਹੈ ਅਤੇ ਉਨ੍ਹਾਂ ਨੂੰ ਕੇਂਦਰੀ ਮਨਜ਼ੂਰੀ ਤੋਂ ਬਿਨਾਂ ਮੁਕੱਦਮੇ ਤੋਂ ਛੋਟ ਪ੍ਰਦਾਨ ਕਰਦਾ ਹੈ। ਛੋਟ ਪ੍ਰਾਪਤ ਇਲਾਕਿਆਂ 'ਚ ਇੰਫਾਲ ਪਛਮੀ, ਇੰਫਾਲ ਪੂਰਬੀ, ਥੌਬਲ ਅਤੇ ਬਿਸ਼ਨੂਪੁਰ ਜਿਹੇ ਜ਼ਿਲ੍ਹਿਆਂ ਦੇ ਖੇਤਰ ਸ਼ਾਮਲ ਹਨ। ਇਸ ਐਕਟ ਨੂੰ ਨਾਗਾਲੈਂਡ ਦੇ ਅੱਠ ਜ਼ਿਲ੍ਹਿਆਂ ਅਤੇ ਅਰੁਣਾਚਲ ਪ੍ਰਦੇਸ਼ ਦੇ ਕੁੱਝ ਖੇਤਰਾਂ ਜਿਵੇਂ ਕਿ ਤਿਰਾਪ, ਚੰਗਲਾਂਗ ਅਤੇ ਲੋਂਗਡਿੰਗ ਜ਼ਿਲ੍ਹਿਆਂ 'ਚ ਵੀ 1 ਅਪ੍ਰੈਲ, 2025 ਤੋਂ ਸ਼ੁਰੂ ਹੋਣ ਵਾਲੀ ਇਸੇ ਮਿਆਦ ਲਈ ਵਧਾ ਦਿਤਾ ਗਿਆ ਹੈ। ਮਨੀਪੁਰ ਨੂੰ ਮਹੱਤਵਪੂਰਣ ਅਸ਼ਾਂਤੀ ਦਾ ਸਾਹਮਣਾ ਕਰਨਾ ਪਿਆ ਹੈ, ਜਿਸ 'ਚ ਇੰਫਾਲ ਘਾਟੀ ਅਧਾਰਤ ਮੈਤੇਈ ਅਤੇ ਪਹਾੜੀ ਅਧਾਰਤ ਕੁਕੀ-ਜ਼ੋ ਸਮੂਹਾਂ ਵਿਚਕਾਰ ਨਸਲੀ ਹਿੰਸਾ ਸ਼ਾਮਲ ਹੈ, ਜਿਸ ਨੇ ਮਈ, 2023 ਤੋਂ 260 ਤੋਂ

(ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਨੇ ਕੀਤੀ 'ਮਨ ਕੀ ਬਾਤ'

# ਸਾਡੇ ਤਿਉਹਾਰ ਦੇਸ਼ ਦੀ ਵਿਭਿੰਨਤਾ ਵਿੱਚ ਏਕਤਾ ਨੂੰ ਦਰਸਾਉਂਦੇ ਨੇ: ਮੋਦੀ

### ਗਰਮੀ ਦੀਆਂ ਛੁੱਟੀਆਂ ਲਈ ਬੱਚਿਆਂ ਨੂੰ ਦਿੱਤਾ ਟਾਸਕ

ਚੜ੍ਹਦੀਕਲਾ ਬਿਊਰੋ
==============

ਨਵੀਂ ਦਿੱਲੀ, 30 ਮਾਰਚ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਅੱਜ ਮਨਾਏ ਜਾ ਰਹੇ ਅਤੇ ਆਉਣ ਵਾਲੇ ਦਿਨਾਂ ਵਿੱਚ ਮਨਾਏ ਜਾਣ ਵਾਲੇ ਵੱਖ-ਵੱਖ ਤਿਉਹਾਰ ਭਾਰਤ ਦੀ ਵਿਭਿੰਨਤਾ ਵਿੱਚ ਏਕਤਾ ਦੀ ਭਾਵਨਾ ਦਰਸਾਉਂਦੇ ਹਨ। ਉਨ੍ਹਾਂ ਦੇਸ਼ ਵਾਸੀਆਂ ਨੂੰ ਇਸ ਭਾਵਨਾ ਨੂੰ ਮਜ਼ਬੂਤ ਕਰਦੇ ਰਹਿਣ ਲਈ ਕਿਹਾ। ਆਪਣੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਮੋਦੀ ਨੇ ਕਿਹਾ ਕਿ ਵੱਖ-ਵੱਖ ਸੂਬੇ ਅੱਜ ਆਪਣਾ ਰਵਾਇਤੀ ਨਵਾਂ ਸਾਲ ਮਨਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਵੀ ਮਨਾਉਣਗੇ। ਇਸ ਵੇਲੇ ਈਦ ਸਣੇ ਹੋਰ ਤਿਉਹਾਰ ਮਨਾਏ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਇਨ੍ਹਾਂ ਤਿਉਹਾਰਾਂ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਵੀ ਕੁਝ ਹਫ਼ਤਿਆਂ ਬਾਅਦ ਆ ਜਾਣਗੀਆਂ, ਗਰਮੀਆਂ ਦੇ ਲੰਬੇ ਦਿਨ ਵਿਦਿਆਰਥੀਆਂ ਲਈ ਨਵੇਂ ਸ਼ੌਕ ਪੈਦਾ ਕਰਨ ਅਤੇ ਆਪਣੇ ਹੁਨਰਾਂ ਨੂੰ ਨਿਖਾਰਨ ਦਾ ਸਮਾਂ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਲਈ ਵੱਖ-ਵੱਖ



ਗਤੀਵਿਧੀਆਂ ਦੀ ਪੇਸ਼ਕਸ਼ ਕਰਨ ਵਾਲਿਆਂ ਨੂੰ 'ਮਾਈ ਹੋਲੀਡੇਜ਼' ਹੈਸ਼ਟੈਗ ਦੀ ਵਰਤੋਂ ਕਰਨ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ 'ਹੋਲੀਡੇਅ ਮੈਮੋਰੀਜ਼' ਹੈਸ਼ਟੈਗ ਨਾਲ ਆਪਣੇ ਤਜਰਬੇ ਸਾਂਝੇ ਕਰਨ ਦੀ ਅਪੀਲ ਕੀਤੀ। ਮੋਦੀ ਨੇ ਵੱਖ-ਵੱਖ ਤਰੀਕਿਆਂ ਨਾਲ ਪਾਣੀ ਦੀ ਸੰਭਾਲ ਕਰਨ 'ਤੇ ਜ਼ੋਰ ਦਿੰਦਿਆਂ 'ਕੈਚ ਦਿ ਰੇਨ' ਮੁਹਿੰਮ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸੱਤ ਤੋਂ ਅੱਠ ਸਾਲਾਂ ਵਿੱਚ ਅਜਿਹਾ ਕਰ ਕੇ 11 ਬਿਲੀਅਨ ਘਣ ਮੀਟਰ ਤੋਂ ਵੱਧ ਪਾਣੀ ਬਚਾਇਆ ਗਿਆ ਹੈ। ਉਨ੍ਹਾਂ ਲੋਕਾਂ ਨੂੰ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਭਾਰਤ ਵੱਲੋਂ ਮਨੁੱਖਤਾ ਨੂੰ ਇੱਕ ਅਨਮੋਲ ਤੋਹਫ਼ਾ ਹੈ। ਉਨ੍ਹਾਂ ਕਿਹਾ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਹੁਣ ਇੱਕ ਸ਼ਾਨਦਾਰ ਜਸ਼ਨ ਬਣ ਗਿਆ ਹੈ, ਉਨ੍ਹਾਂ ਕਿਹਾ ਕਿ ਇਸ ਸਾਲ ਇਸ ਸਮਾਗਮ ਦਾ ਥੀਮ 'ਯੋਗਾ ਫਾਰ ਵਨ ਅਰਥ ਵਨ ਹੈਲਥ' ਹੈ। ਉਨ੍ਹਾਂ ਕਿਹਾ ਕਿ ਸਕੂਲਾਂ 'ਚ ਕੁਝ ਹੀ ਹਫ਼ਤਿਆਂ ਬਾਅਦ ਗਰਮੀ ਦੀਆਂ ਛੁੱਟੀਆਂ ਵੀ ਸ਼ੁਰੂ ਹੋਣ ਵਾਲੀਆਂ ਹਨ ਅਤੇ ਗਰਮੀ ਦੇ ਲੰਬੇ ਦਿਨ ਵਿਦਿਆਰਥੀਆਂ ਲਈ ਨਵੇਂ ਸ਼ੌਕ ਵਿਕਸਿਤ ਕਰਨ ਅਤੇ ਆਪਣੇ ਕੌਸ਼ਲ ਨੂੰ ਨਿਖਾਰਨ ਦਾ ਸਮਾਂ ਹੁੰਦੇ ਹਨ। ਪ੍ਰਧਾਨ ਮੰਤਰੀ ਨੇ ਵਿਦਿਆਰਥੀਆਂ ਲਈ ਵੱਖ-ਵੱਖ ਗਤੀਵਿਧੀਆਂ ਆਯੋਜਿਤ ਕਰਨ ਵਾਲਿਆਂ ਤੋਂ My Holidays ਹੈਸ਼ਟੈਗ ਨਾਲ ਆਪਣੇ ਅਨੁਭਵ ਸਾਂਝਾ ਕਰਨ ਦੀ ਅਪੀਲ ਕੀਤੀ।

(ਬਾਕੀ ਸਫਾ 2 'ਤੇ)

## ਮਨੀਕਰਨ 'ਚ ਗੁਰਦੁਆਰਾ ਸਾਹਿਬ ਨੇੜੇ ਜ਼ਮੀਨ ਖਿਸਕਣ ਕਾਰਨ 6 ਮੌਤਾਂ

ਕੁੱਲੂ, 30 ਮਾਰਚ (ਚੜ੍ਹਦੀਕਲਾ ਬਿਊਰੋ) : ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਦੇ ਮਸ਼ਹੂਰ ਧਾਰਮਿਕ ਸੈਰ-ਸਪਾਟਾ ਸਥਾਨ ਮਨੀਕਰਨ ਵਿੱਚ ਐਤਵਾਰ ਨੂੰ ਇੱਕ ਵੱਡਾ ਹਾਦਸਾ ਵਾਪਰਿਆ। ਗੁਰਦੁਆਰੇ ਨੇੜੇ ਅਚਾਨਕ ਜ਼ਮੀਨ ਖਿਸਕਣ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਕਈ ਹੋਰ ਜ਼ਖਮੀ ਹੋ ਗਏ। ਘਟਨਾ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਅਤੇ ਪੁਲਿਸ ਨੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਜਾਣਕਾਰੀ ਅਨੁਸਾਰ ਐਤਵਾਰ ਦੁਪਹਿਰ ਨੂੰ ਗੁਰਦੁਆਰੇ ਨੇੜੇ ਪਹਾੜੀ ਤੋਂ ਅਚਾਨਕ ਜ਼ਮੀਨ ਖਿਸਕ ਗਈ। ਇਸ ਦੌਰਾਨ, ਇੱਕ ਵੱਡਾ ਚੀੜ ਦਾ ਦਰੱਖਤ ਮਲਬੇ ਦੇ ਨਾਲ ਡਿੱਗ ਪਿਆ ਅਤੇ ਸੜਕ ਕਿਨਾਰੇ ਖੜ੍ਹੇ ਤਿੰਨ ਤੋਂ ਚਾਰ ਵਾਹਨਾਂ ਨਾਲ ਟਕਰਾ ਗਿਆ। ਇਨ੍ਹਾਂ ਗੱਡੀਆਂ ਵਿੱਚ ਕਈ ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਕੁਝ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦੋਂ ਕਿ ਕਈ ਜ਼ਖਮੀ ਹੋ ਗਏ। ਜ਼ਮੀਨ ਖਿਸਕਣ

(ਬਾਕੀ ਸਫਾ 2 'ਤੇ)

## ਸਰੂਪ ਅਗਨ ਭੇਟ ਹੋਣ ਦਾ ਮਾਮਲਾ

# ਜਿਹੜੇ ਗੁਰੂਘਰਾਂ 'ਚ ਪਹਿਰੇਦਾਰੀ ਨਹੀਂ, ਉਥੋਂ ਗੁਰੂ ਸਾਹਿਬ ਦੇ ਸਰੂਪ ਲੈ ਲਏ ਜਾਣਗੇ: ਜਥੇਦਾਰ ਗੜਗੱਜ

ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ, ਬਿਕਰਮਜੀਤ ਸਿੰਘ ਖ਼ਾਲਸਾ/ਡਾ. ਸਰਬਜੀਤ ਸਿੰਘ ਭਿੰਡਰ
==========================

ਬਟਾਲਾ/ਸ੍ਰੀ ਹਰਗੋਬਿੰਦਪੁਰ, 30 ਮਾਰਚ: ਬੀਤੀ ਦੇਰ ਰਾਤ ਜੀ ਦੇ ਤਿੰਨ ਪਾਵਨ ਸਰੂਪ ਗੁਟਕਾ ਸਾਹਿਬ ਅਤੇ ਗੁਰਬਾਣੀ ਦੀਆਂ ਪੋਥੀਆਂ ਅਗਨ ਭੇਟ ਹੋ ਗਈਆਂ। ਇਸ ਦੀ ਜਾਣਕਾਰੀ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ



ਗੁਰਦਾਸਪੁਰ ਦੇ ਪਿੰਡ ਭਾਮ ਵਿਖੇ ਗੁਰਦੁਆਰਾ ਸਾਹਿਬ ਵਿੱਚ ਸ਼ਾਰਟ ਸਰਕਟ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਲੀ ਤਾਂ ਉਹ ਮੌਕੇ 'ਤੇ ਜਾਇਜ਼ਾ ਲੈਣ ਪਹੁੰਚੇ। ਉਨ੍ਹਾਂ ਨੇ ਗੁਰੂ ਘਰ ਆਈ

(ਬਾਕੀ ਸਫਾ 2 'ਤੇ)

## ਕਰਨਲ ਬਾਠ ਦੇ ਪਰਿਵਾਰ ਵੱਲੋਂ ਰਾਜਨਾਥ ਸਿੰਘ ਨਾਲ ਮੁਲਾਕਾਤ

### ਰੱਖਿਆ ਮੰਤਰੀ ਵੱਲੋਂ ਇਨਸਾਫ਼ ਦਾ ਭਰੋਸਾ

ਚੜ੍ਹਦੀਕਲਾ ਬਿਊਰੋ
==============

ਨਵੀਂ ਦਿੱਲੀ, 30 ਮਾਰਚ : ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦੇ ਪੁੱਤਰ ਅੰਗਦ ਬਾਠ ਦੀ ਪੰਜਾਬ ਪੁਲਿਸ ਵੱਲੋਂ ਕੀਤੀ ਕਥਿਤ ਕੁੱਟਮਾਰ ਦੇ ਮਾਮਲੇ 'ਤੇ ਅੱਜ ਕਰਨਲ ਦੇ ਪਰਿਵਾਰ ਨੇ ਦਿੱਲੀ ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਕਰਨਲ ਦੀ ਪਤਨੀ ਪੁਸ਼ਪਿੰਦਰ ਕੌਰ ਨੇ ਮਾਮਲੇ ਦੀ ਸੁਤੰਤਰ ਏਜੰਸੀ ਤੋਂ ਜਾਂਚ ਦੀ ਮੰਗ ਕੀਤੀ। ਇਸ ਮੌਕੇ ਪਰਿਵਾਰ ਨੇ ਸਾਰੇ ਘਟਨਾਕ੍ਰਮ ਸਬੰਧੀ ਜਾਣਕਾਰੀ ਸਾਂਝੀ ਕੀਤੀ। ਜ਼ਿਕਰਯੋਗ ਹੈ ਕਿ ਭਲਕੇ 31 ਮਾਰਚ ਨੂੰ ਪਰਿਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਮਿਲੇਗਾ। ਇਸ ਤੋਂ ਪਹਿਲਾਂ ਪਰਿਵਾਰ ਨੇ ਕਿਹਾ ਸੀ ਕਿ ਸੀ.ਬੀ.ਆਈ. ਜਾਂਚ ਅਤੇ ਐੱਸ.ਐੱਸ.ਪੀ. ਦਾ ਤਬਾਦਲਾ 'ਤੇ ਆਧਾਰਿਤ ਦੋਵੇਂ ਮੰਗਾਂ ਦੀ ਪੂਰਤੀ ਤੱਕ ਪਰਿਵਾਰ ਲੜਦਾ ਰਹੇਗਾ। ਮੀਟਿੰਗ ਤੋਂ ਬਾਅਦ ਕਰਨਲ ਬਾਠ ਦੀ ਪਤਨੀ ਜਸਵਿੰਦਰ ਕੌਰ ਨੇ ਦੁਹਰਾਇਆ ਕਿ ਉਹ ਪਟਿਆਲਾ ਪੁਲਿਸ 'ਤੇ ਭਰੋਸਾ ਨਹੀਂ ਕਰਦੇ ਅਤੇ ਉਨ੍ਹਾਂ ਮਾਮਲੇ ਦੀ ਸੁਤੰਤਰ ਏਜੰਸੀ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਉਹ ਭਲਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲਣਗੇ। ਉਨ੍ਹਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਸਾਰੀ ਘਟਨਾ ਬਾਰੇ ਜਾਣੂ ਕਰਵਾ ਦਿੱਤਾ ਹੈ। ਇਸ ਮੌਕੇ ਬਾਠ ਜੋੜੇ ਤੋਂ ਇਲਾਵਾ, ਉਨ੍ਹਾਂ ਦੇ ਰਿਸ਼ਤੇਦਾਰ ਅਤੇ ਪਟਿਆਲਾ ਤੋਂ ਭਾਜਪਾ ਆਗੂ ਗੁਰਤੇਜ ਸਿੰਘ ਢਿੱਲੋਂ ਵੀ ਮੌਜੂਦ ਸਨ। ਇਹ ਮੀਟਿੰਗ ਲਗਭਗ 25 ਮਿੰਟ ਚੱਲੀ। ਸ੍ਰੀ ਢਿੱਲੋਂ ਨੇ ਕਿਹਾ ਕਿ ਰੱਖਿਆ ਮੰਤਰੀ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਮਾਮਲੇ 'ਤੇ ਨਜ਼ਰ ਰੱਖ ਰਹੇ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਫੌਜ ਅਧਿਕਾਰੀ ਦੇ ਨਾਲ ਖੜ੍ਹੇਗੀ ਅਤੇ ਕਰਨਲ ਬਾਠ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਨਸਾਫ਼ ਮਿਲੇਗਾ। ਇਸ ਤੋਂ ਪਹਿਲਾਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਹਮਲੇ ਦੇ ਮਾਮਲੇ ਵਿੱਚ ਐਫਆਈਆਰ ਦਰਜ ਕਰਨ ਵਿੱਚ



(ਬਾਕੀ ਸਫਾ 2 'ਤੇ)

## ਜੇਕਰ ਅਸੀਂ ਦੇਸ਼ ਨੂੰ ਬਦਲਣਾ ਚਾਹੁੰਦੇ ਹਾਂ, ਤਾਂ ਸਾਨੂੰ ਨੌਜਵਾਨਾਂ ਦੀ ਆਵਾਜ਼ ਸੁਣਨੀ ਪਵੇਗੀ: ਸਿਸੋਦੀਆ



ਅੰਮ੍ਰਿਤਪਾਲ ਸਿੰਘ
============

ਚੰਡੀਗੜ੍ਹ, 30 ਮਾਰਚ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਅੱਜ ਚੰਡੀਗੜ੍ਹ ਵਿਖੇ ਪੰਜਾਬ ਦੇ ਨੌਜਵਾਨਾਂ ਨਾਲ ਪ੍ਰੇਰਨਾਦਾਇਕ ਅਤੇ ਸਾਰਥਕ ਗੱਲਬਾਤ ਕੀਤੀ। ਇਸ ਮੌਕੇ ਆਪ ਦੇ ਯੂਥ ਵਿੰਗ, ਵਿਦਿਆਰਥੀ ਵਿੰਗ (ਸੀ.ਵਾਈ.ਐੱਸ.ਐੱਸ.), ਯੂਥ ਕਲੱਬਾਂ ਅਤੇ ਹੋਰ ਵੱਖ-ਵੱਖ ਫਰੰਟਾਂ ਦੇ ਯੂਥ ਆਗੂਆਂ ਨੇ ਸ਼ਿਰਕਤ ਕੀਤੀ। ਸਿਸੋਦੀਆ ਦੀ ਨੌਜਵਾਨਾਂ ਨਾਲ ਗੱਲਬਾਤ ਵਿੱਚ ਬੇਰੁਜ਼ਗਾਰੀ, ਨਸ਼ਾਖੋਰੀ ਅਤੇ ਸਿੱਖਿਆ, ਉਨ੍ਹਾਂ ਦੇ ਸੁਪਨੇ, ਪੇਂਡੂ ਨੌਜਵਾਨਾਂ ਦੀਆਂ ਇੱਛਾਵਾਂ, ਭਵਿੱਖ ਲਈ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਉਨ੍ਹਾਂ ਦੇ ਹਾਲਾਤਾਂ ਨੂੰ ਬਦਲਣ ਲਈ ਉਨ੍ਹਾਂ ਦੇ ਦ੍ਰਿੜ ਇਰਾਦੇ ਵਰਗੇ ਮੁੱਦੇ ਸ਼ਾਮਲ ਸਨ। ਨੌਜਵਾਨਾਂ ਦੇ ਜਨੂੰਨ ਅਤੇ ਦ੍ਰਿੜ ਇਰਾਦੇ ਦੀ ਪ੍ਰਸ਼ੰਸਾ ਕਰਦੇ ਹੋਏ ਮਨੀਸ਼ ਸਿਸੋਦੀਆ ਨੇ ਕਿਹਾ, ਇਹ ਸੁਣਨਾ ਕਿ ਕਿਵੇਂ ਇਹ ਨੌਜਵਾਨ ਦਿਮਾਗ ਆਪਣੀ ਅਸਲੀਅਤ ਨੂੰ ਬਦਲਣਾ ਚਾਹੁੰਦੇ ਹਨ ਅਤੇ ਅਰਥਪੂਰਨ ਤਬਦੀਲੀ ਲਿਆਉਣ ਲਈ ਸਿਸਟਮ ਦਾ ਹਿੱਸਾ ਬਣਨਾ ਚਾਹੁੰਦੇ ਹਨ। ਅੱਜ ਦੇ ਸੰਵਾਦ ਨੇ ਇੱਕ ਸਪੱਸ਼ਟ ਅਹਿਸਾਸ ਲਿਆਇਆ ਕਿ ਜੇਕਰ ਅਸੀਂ ਦੇਸ਼ ਨੂੰ ਬਦਲਣਾ ਚਾਹੁੰਦੇ ਹਾਂ, ਤਾਂ ਸਾਨੂੰ ਨੌਜਵਾਨਾਂ ਦੀ ਆਵਾਜ਼ ਸੁਣਨੀ ਪਵੇਗੀ। ਆਪਣੇ ਸੰਬੋਧਨ ਦੌਰਾਨ ਸਿਸੋਦੀਆ ਨੇ ਨਿਆਂ ਨੂੰ ਅੱਗੇ ਵਧਾਉਣ

(ਬਾਕੀ ਸਫਾ 2 'ਤੇ)

## ਪੰਜਾਬ ਸਰਕਾਰ ਕਣਕ ਖ਼ਰੀਦਣ ਲਈ ਪੂਰੀ ਤਰ੍ਹਾਂ ਤਿਆਰ: ਕਟਾਰੂਚੱਕ

ਚੜ੍ਹਦੀਕਲਾ ਬਿਊਰੋ
==============

ਚੰਡੀਗੜ੍ਹ, 30 ਮਾਰਚ: ਪੰਜਾਬ ਵਿੱਚ 1 ਅਪ੍ਰੈਲ ਤੋਂ ਹੋਣ ਵਾਲੀ ਕਣਕ ਦੀ ਖਰੀਦ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ। ਪੰਜਾਬ ਸਰਕਾਰ ਦੇ ਖੁਰਾਕ ਵਿਤਰਨ ਤੇ ਸਪਲਾਈ ਮੰਤਰੀ ਲਾਲਚੰਦ ਕਟਾਰੂਚੱਕ ਨੇ ਦੱਸਿਆ ਕਿ ਮੰਡੀਆਂ ਵਿੱਚ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਹੁਣ ਸਿਰਫ਼ ਕਿਸਾਨਾਂ ਦੇ ਆਉਣ ਦੀ ਉਡੀਕ ਹੈ।ਕਟਾਰੂਚੱਕ ਨੇ ਕਿਹਾ ਕਿ ਕਣਕ ਦੀ ਖਰੀਦ ਲਈ ਪੰਜਾਬ ਸਰਕਾਰ ਨੇ 28 ਹਜ਼ਾਰ ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਿਟ (ਸੀ.ਸੀ.ਐਲ.) ਆਦਿ ਲਈ ਠੋਸ ਪ੍ਰਬੰਧ ਕਰ ਲਏ ਹਨ। ਇਸ ਲਈ ਕਿਸਾਨਾਂ ਨੂੰ ਇਸ ਵਾਰ ਆਪਣੀ ਫ਼ਸਲ ਦੇ ਪੈਸੇ ਲੈਣ ਵਿੱਚ ਕੋਈ ਦਿੱਕਤ ਨਹੀਂ ਆਵੇਗੀ। ਕਟਾਰੂਚੱਕ ਨੇ ਦੱਸਿਆ ਕਿ ਸਾਰੀਆਂ ਮੰਡੀਆਂ ਵਿੱਚ ਬਾਰਦਾਨੇ ਦੇ ਵੀ ਪੂਰੇ ਪ੍ਰਬੰਧ ਕੀਤੇ ਗਏ ਹਨ। ਇਹ ਹਰ ਥਾਂ ਢੁਕਵੀਂ ਮਾਤਰਾ ਵਿੱਚ ਪਹੁੰਚਾਇਆ ਗਿਆ ਹੈ। ਸਾਰੀਆਂ 1864 ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਪਾਣੀ ਤੋਂ ਲੈ ਕੇ ਮੈਡੀਕਲ ਤੱਕ ਦੇ ਪੂਰੇ ਪ੍ਰਬੰਧ ਕੀਤੇ



(ਬਾਕੀ ਸਫਾ 2 'ਤੇ)

## ਮਨਿੰਦਰਜੀਤ ਸਿੰਘ ਬੇਦੀ ਨੇ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ, 30 ਮਾਰਚ (ਚੜ੍ਹਦੀਕਲਾ ਬਿਊਰੋ): ਮਨਿੰਦਰਜੀਤ ਸਿੰਘ ਬੇਦੀ ਨੇ ਅੱਜ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਬੇਦੀ ਨੂੰ ਪੰਜਾਬ ਦਾ ਨਵਾਂ ਐਡੀਸ਼ਨਲ ਐਡਵੋਕੇਟ ਜਨਰਲ ਨਿਯੁਕਤ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇੱਥੇ ਜ਼ਿਕਰਯੋਗ ਹੈ ਕਿ ਐਡਵੋਕੇਟ ਬੇਦੀ ਲੰਬੇ ਸਮੇਂ ਤੋਂ ਪੰਜਾਬ ਐਂਡ ਹਰਿਆਣਾ ਹਾਈਕੋਰਟ 'ਚ ਪ੍ਰੈਕਟਿਸ ਕਰ ਰਹੇ ਹਨ



(ਬਾਕੀ ਸਫਾ 2 'ਤੇ)

## ਪੰਜਾਬ 'ਚ ਪਰਾਲ਼ੀ ਸਾੜਨ ਤੋਂ ਰੋਕਣ ਦੀ ਮੰਗ ਵਾਲੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖਾਰਜ

ਚੜ੍ਹਦੀਕਲਾ ਬਿਊਰੋ
==============

ਨਵੀਂ ਦਿੱਲੀ, 30 ਮਾਰਚ : ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਪਰਾਲੀ ਸਾੜਨ 'ਤੇ ਰੋਕ ਲਗਾਉਣ ਲਈ ਸਖ਼ਤ ਕਦਮ ਚੁੱਕਣ ਦੇ ਨਿਰਦੇਸ਼ ਦੇਣ ਸਬੰਧੀ ਮੰਗ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਜੱਜ ਅਭੈ ਐੱਸ ਓਕਾ ਅਤੇ ਜੱਜ ਉਜਲ ਭੂਈਆਂ ਦੀ ਬੈਂਚ ਨੇ ਕਿਹਾ,ਇਸ ਅਦਾਲਤ ਨੇ ਪਰਾਲੀ ਸਾੜਨ ਦੇ ਮੁੱਦੇ ਤੇ ਕਈ ਆਦੇਸ਼ ਪਾਸ ਕੀਤੇ ਹਨ ਅਤੇ ਅਜੇ ਵੀ ਮਾਮਲੇ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਤਾਂ ਅਸੀਂ ਵੱਖ-ਵੱਖ ਪੱਖਾਂ ਨੂੰ ਇਸ ਮਾਮਲੇ 'ਚ ਦਖ਼ਲਅੰਦਾਜੀ ਅਤੇ ਨਿਰਦੇਸ਼ ਲਈ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ ਹਾਂ। ਇਸ ਲਈ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ। ਵਾਤਾਵਰਣ ਵਰਕਰ ਵਿਕਰਾਂਤ ਤੋਂਗੜ ਵਲੋਂ ਦਾਇਰ ਪਟੀਸ਼ਨ ਚ ਕਿਹਾ ਗਿਆ ਹੈ ਕਿ ਅਪ੍ਰੈਲ-ਮਈ 'ਚ ਪਰਾਲੀ ਸਾੜਨ ਨਾਲ ਪੈਦਾ ਪ੍ਰਦੂਸ਼ਣ ਨਾ ਸਿਰਫ਼ ਦਿੱਲੀ-ਐੱਨ.ਸੀ.ਆਰ. 'ਚ ਰਹਿਣ ਵਾਲੇ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਹੈ ਸਗੋਂ ਉਨ੍ਹਾਂ ਰਾਜਾਂ ਦੇ ਲੋਕਾਂ ਦੀ ਸਿਹਤ ਨੂੰ ਵੀ ਨੁਕਸਾਨ ਪਹੁੰਚਦਾ ਹੈ, ਜਿੱਥੇ ਪਰਾਲੀ ਸਾੜੀ ਜਾਂਦੀ ਹੈ। ਇਸ 'ਚ ਕਿਹਾ ਗਿਆ ਹੈ ਕਿ ਬੱਚੇ ਅਤੇ ਬਜ਼ੁਰਗ ਵਿਸ਼ੇਸ਼ ਰੂਪ



(ਬਾਕੀ ਸਫਾ 2 'ਤੇ)

## ਟੋਂਗਾ ਨੇੜੇ 7.1 ਤੀਬਰਤਾ ਦਾ ਭੂਚਾਲ, ਸੁਨਾਮੀ ਦੀ ਚਿਤਾਵਨੀ ਜਾਰੀ

ਨੂਕੂਆਲੋਫਾ, 30 ਮਾਰਚ (ਚੜ੍ਹਦੀਕਲਾ ਬਿਊਰੋ): ਪ੍ਰਸ਼ਾਂਤ ਟਾਪੂ ਦੇਸ਼ ਟੋਂਗਾ ਨੇੜੇ 7.1 ਤੀਬਰਤਾ ਦਾ ਭੂਚਾਲ ਆਇਆ ਹੈ। ਭੂਚਾਲ ਤੋਂ ਬਾਅਦ ਸੁਨਾਮੀ ਦੀ ਚਿਤਾਵਨੀ ਜਾਰੀ ਕੀਤੀ ਗਈ। ਅਮਰੀਕੀ ਭੂ-ਵਿਗਿਆਨ ਸਰਵੇਖਣ ਅਨੁਸਾਰ ਟੋਂਗਾ ਨੇੜੇ 7.1 ਤੀਬਰਤਾ ਦਾ ਇੱਕ ਸ਼ਕਤੀਸ਼ਾਲੀ ਭੂਚਾਲ ਆਇਆ, ਜਿਸ ਮਗਰੋਂ ਪ੍ਰਸ਼ਾਂਤ ਟਾਪੂ ਦੇਸ਼ ਲਈ ਸੁਨਾਮੀ ਦੀ ਚਿਤਾਵਨੀ ਜਾਰੀ ਕੀਤੀ ਗਈ। ਇੱਥੇ ਨੁਕਸਾਨ ਦੀ ਕੋਈ ਤੁਰੰਤ ਰਿਪੋਰਟ ਨਹੀਂ ਹੈ। ਸਰਵੇਖਣ ਨੇ ਦੱਸਿਆ ਕਿ ਭੂਚਾਲ ਸੋਮਵਾਰ (ਸਥਾਨਕ ਸਮੇਂ) ਤੜਕੇ ਟੋਂਗਾ ਦੇ ਮੁੱਖ ਟਾਪੂ ਤੋਂ ਲਗਭਗ 100 ਕਿਲੋਮੀਟਰ (62 ਮੀਲ) ਉੱਤਰ-ਪੂਰਬ ਵਿੱਚ ਆਇਆ। ਪ੍ਰਸ਼ਾਂਤ ਸੁਨਾਮੀ ਚਿਤਾਵਨੀ ਕੇਂਦਰ ਨੇ ਇੱਕ ਚਿਤਾਵਨੀ ਜਾਰੀ ਕਰਦਿਆਂ ਕਿਹਾ ਕਿ ਖਤਰਨਾਕ ਲਹਿਰਾਂ ਭੂਚਾਲ ਦੇ ਕੇਂਦਰ ਤੋਂ 300 ਕਿਲੋਮੀਟਰ (185 ਮੀਲ) ਦੇ ਅੰਦਰ ਤੱਟਵਰਤੀ ਰੇਖਾਵਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜਰਮਨ ਰਿਸਰਚ ਸੈਂਟਰ ਫਾਰ ਜੀਓਸਾਇੰਸਜ਼ ਨੇ ਕਿਹਾ ਕਿ ਭੂਚਾਲ 10 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ। ਇੱਥੇ ਦੱਸ ਦਈਏ ਕਿ ਟੋਂਗਾ ਇੱਕ ਪੋਲੀਨੇਸ਼ੀਅਨ ਰਾਸ਼ਟਰ ਹੈ

(ਬਾਕੀ ਸਫਾ 2 'ਤੇ)

## ਕਾਮਾਖਿਆ ਐਕਸਪ੍ਰੈਸ ਦੇ ਪੱਟੜਿਓਂ ਲੱਥਣ ਕਾਰਨ ਇੱਕ ਹਲਾਕ; 7 ਜ਼ਖ਼ਮੀ

ਕਟਕ (ਓਡੀਸ਼ਾ), 30 ਮਾਰਚ : ਇੱਥੇ ਅੱਜ ਸਵੇਰੇ 11:54 ਬੰਗਲੁਰੂ ਕਾਮਾਖਿਆ ਸੁਪਰਫਾਸਟ ਐਕਸਪ੍ਰੈਸ (12551) ਪਟੜੀ ਤੋਂ ਲੱਥ ਗਈ। ਇਸ ਦੌਰਾਨ ਰੇਲ ਗੱਡੀ ਦੇ 11 ਏਸੀ ਡੱਬੇ ਹੇਠਾਂ ਉਤਰ ਗਏ। ਇਹ ਹਾਦਸਾ ਨੇਰਗੁੰਡੀ ਸਟੇਸ਼ਨ ਲਾਗੇ ਵਾਪਰਿਆ। ਇਸ ਕਾਰਨ ਇਕ ਦੀ ਮੌਤ ਹੋ ਗਈ ਤੇ ਸੱਤ ਯਾਤਰੀਆਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ ਜਿਨ੍ਹਾਂ ਨੂੰ ਨੇੜਲੇ ਹਸਪਤਾਲਾਂ ਵਿਚ ਪਹੁੰਚਾਇਆ ਗਿਆ। ਦੂਜੇ ਪਾਸੇ ਈਸਟ ਕੋਸਟ ਰੇਲਵੇ ਦੇ ਪੀਆਰਓ ਅਸ਼ੋਕ ਮਿਸ਼ਰਾ ਨੇ ਏਜੰਸੀ ਨੂੰ ਦੱਸਿਆ ਕਿ ਸਾਰੇ ਯਾਤਰੀ ਸੁਰੱਖਿਅਤ ਹਨ। ਘਟਨਾ ਸਥਾਨ 'ਤੇ ਮੈਡੀਕਲ ਤੇ ਐਮਰਜੈਂਸੀ ਟੀਮਾਂ ਭੇਜੀਆਂ ਗਈਆਂ ਹਨ। ਇਸ ਤੋਂ ਇਲਾਵਾ ਐਕਸੀਡੈਂਟ ਰਿਲੀਫ ਰੇਲ ਗੱਡੀ ਵੀ ਭੇਜੀ ਗਈ ਹੈ। ਇਸ ਕਾਰਨ ਕਈ ਗੱਡੀਆਂ ਲੇਟ ਹੋ ਗਈਆਂ ਤੇ ਕਈ ਗੱਡੀਆਂ ਦੇ ਰੂਟ ਬਦਲੇ ਗਏ ਹਨ।



## ਮਹਾਰਾਸ਼ਟਰ ਦੀ ਮਸਜਿਦ 'ਚ ਧਮਾਕਾ

### ਪੁਲਿਸ ਨੇ ਦੋ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ

ਮੁੰਬਈ, 30 ਮਾਰਚ (ਚੜ੍ਹਦੀਕਲਾ ਬਿਊਰੋ): ਮਹਾਰਾਸ਼ਟਰ ਦੇ ਬੀੜ ਜ਼ਿਲ੍ਹੇ ਵਿਚ ਇਕ ਮਸਜਿਦ ਵਿਚ ਅੱਜ ਧਮਾਕਾ ਹੋ ਗਿਆ। ਇਹ ਧਮਾਕਾ ਦੁਪਹਿਰ ਚਾਰ ਵਜੇ ਦੇ ਕਰੀਬ ਹੋਇਆ। ਧਮਾਕੇ ਨਾਲ ਇਮਾਰਤ ਦੇ ਅੰਦਰਲੇ ਹਿੱਸੇ ਨੂੰ ਨੁਕਸਾਨ ਪਹੁੰਚਿਆ। ਇਕ ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ ਵਿਚ ਬੀੜ ਦੇ ਗੇਵਰਾਈ ਦੇ ਵਸਨੀਕ ਵਿਜੈ ਰਾਮ (22) ਅਤੇ ਸ੍ਰੀਰਾਮ ਅਸ਼ੋਕ ਸਗਾੜੇ (24) ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਘਟਨਾ ਕਾਰਨ ਸਥਿਤੀ ਤਣਾਅਪੂਰਨ ਬਣੀ ਹੋਈ ਹੈ ਕਿਉਂਕਿ ਭਲਕੇ ਈਦ ਉਲ ਫਿਤਰ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਇਸ ਮਾਮਲੇ ਦੀ ਜਾਣਕਾਰੀ ਲਈ ਜਾ ਰਹੀ ਹੈ ਤੇ ਇਹ ਪਤਾ ਲੱਗ ਗਿਆ ਹੈ ਕਿ ਇਹ ਧਮਾਕਾ ਕਿਸ ਨੇ ਕੀਤਾ।

## ਪੇਜ਼ਸ਼ਕਿਆਨ ਨੇ ਟਰੰਪ ਦੀ ਚਿੱਠੀ ਦਾ ਦਿੱਤਾ ਜਵਾਬ

# ਈਰਾਨ ਵੱਲੋਂ ਆਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਨਾਂਹ

ਚੜ੍ਹਦੀਕਲਾ ਬਿਊਰੋ
==============

ਤਹਿਰਾਨ, 30 ਮਾਰਚ : ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ਸ਼ਕਿਆਨ ਨੇ ਡੋਨਾਲਡ ਟਰੰਪ ਦੇ ਇਕ ਚਿੱਠੀ ਦੇ ਜਵਾਬ ਵਿਚ ਅਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਮਰੀਕਾ ਨਾਲ ਸਿੱਧੀ ਗੱਲਬਾਤ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ। ਓਮਾਨ ਜ਼ਰੀਏ ਰਸਤੇ ਈਰਾਨ ਨੇ ਅਸਿੱਧੇ ਤੌਰ 'ਤੇ ਗੱਲਬਾਤ ਤੋਂ ਇਨਕਾਰ ਨਹੀਂ ਕੀਤਾ ਹੈ, ਪਰ ਪਿਛਲੀਆਂ ਉਲੰਘਣਾਵਾਂ ਕਾਰਨ ਹੁਣ ਵਿਸ਼ਵਾਸ ਨਾ ਹੋਣ ਦੀ ਗੱਲ ਵੀ ਕਹੀ। ਪੇਜ਼ੇਸ਼ਕਿਅਨ ਨੇ ਟਿਪਣੀ ਕੀਤੀ, "ਉਨ੍ਹਾਂ ਨੂੰ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਉਹ ਵਿਸ਼ਵਾਸ ਪੈਦਾ ਕਰ ਸਕਦੇ ਹਨ।" 2018 ਦੇ ਪ੍ਰਮਾਣੂ ਸਮਝੌਤੇ ਤੋਂ ਟਰੰਪ ਦੇ ਪਿੱਛੇ ਹਟਣ ਤੋਂ ਬਾਅਦ, ਤਣਾਅ ਵਧ ਗਿਆ ਹੈ, ਜਿਸ 'ਚ ਈਰਾਨ ਦੇ ਸਹਿਯੋਗੀਆਂ ਅਤੇ ਵਿਰੋਧੀਆਂ ਨਾਲ ਹਮਲਿਆਂ ਅਤੇ



(ਬਾਕੀ ਸਫਾ 2 'ਤੇ)

## ਅਮਿਤ ਸ਼ਾਹ ਵੱਲੋਂ ਨਿਤੀਸ਼ ਕੁਮਾਰ ਦੀ ਰਿਹਾਇਸ਼ 'ਤੇ ਐਨ.ਡੀ.ਏ. ਦੇ ਆਗੂਆਂ ਨਾਲ ਮੁਲਾਕਾਤ



ਅੰਮ੍ਰਿਤਪਾਲ ਸਿੰਘ
==============

ਨਵੀਂ ਦਿੱਲੀ , 30 ਮਾਰਚ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਸੂਬੇ ਵਿੱਚ ਐਨ.ਡੀ.ਏ. ਭਾਈਵਾਲਾਂ ਨਾਲ ਇਸ ਸਾਲ ਦੇ ਅੰਤ 'ਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਦੇ ਸਬੰਧੀ ਰਣਨੀਤੀ 'ਤੇ ਚਰਚਾ ਕੀਤੀ। ਇਹ ਮੀਟਿੰਗ ਮੁੱਖ ਮੰਤਰੀ (ਜੋ ਜਨਤਾ ਦਲ (ਯੂ) ਦੇ ਮੁਖੀ ਹਨ) ਦੀ 1, ਐਨਏ ਮਾਰਗ ਸਥਿਤ ਸਰਕਾਰੀ ਰਿਹਾਇਸ਼ 'ਤੇ ਹੋਈ। ਅਮਿਤ ਸ਼ਾਹ ਗੋਪਾਲਗੰਜ 'ਚ ਭਾਜਪਾ ਦੀ ਰੈਲੀ ਨੂੰ ਸੰਬੋਧਨ ਕਰਨ ਮਗਰੋਂ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੇ। ਜਨਤਾ ਦਲ (ਯੂ) ਦੇ ਮੁਖੀ ਨੇ ਅਮਿਤ ਸ਼ਾਹ ਦਾ ਸਵਾਗਤ ਕੀਤਾ। ਕੇਂਦਰੀ ਮੰਤਰੀ ਚਿਰਾਗ ਪਾਸਵਾਨ ਜੋ ਲੋਕ ਜਨ ਸ਼ਕਤੀ ਪਾਰਟੀ (ਰਾਮ

(ਬਾਕੀ ਸਫਾ 2 'ਤੇ)

## 'ਗਾਵਾਂ ਦਾ ਚਾਰਾ ਖਾਣ ਵਾਲੇ ਲਾਲੂ ਜੀ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ'

ਗੋਪਾਲਗੰਜ, 30 ਮਾਰਚ (ਚੜ੍ਹਦੀਕਲਾ ਬਿਊਰੋ) : ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਸੁਪਰੀਮੋ ਲਾਲੂ ਪ੍ਰਸਾਦ ਤੇ ਸਿੱਧਾ ਹਮਲਾ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਕਿਹਾ ਕਿ ਜੋ ਲੋਕ ਗਾਵਾਂ ਦਾ ਚਾਰਾ ਖਾਂਦੇ ਹਨ, ਉਹ ਬਿਹਾਰ ਦੇ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ। ਗੋਪਾਲਗੰਜ ਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ,ਕੇਂਦਰ ਅਤੇ ਬਿਹਾਰ

(ਬਾਕੀ ਸਫਾ 2 'ਤੇ)

## ਨਿਊਯਾਰਕ ਦੇ ਗੁਰਦੁਆਰਿਆਂ ਤੇ ਸੁਸਾਇਟੀਆਂ ਵੱਲੋਂ ਗਿ. ਹਰਪ੍ਰੀਤ ਸਿੰਘ ਦਾ 'ਅਕਾਲੀ ਫੂਲਾ ਸਿੰਘ ਐਵਾਰਡ' ਨਾਲ ਸਨਮਾਨ



ਬਬਲੂ ਮਹਾਜਨ
===========

ਅੰਮ੍ਰਿਤਸਰ, 30 ਮਾਰਚ : ਨਿਊਯਾਰਕ (ਨਿਊਜਰਸੀ) ਦੇ ਗੁਰਦੁਆਰਿਆਂ ਤੇ ਸੁਸਾਇਟੀਆਂ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦਾ ਅਮਰੀਕਾ ਵਿੱਚ ਅਕਾਲੀ ਫੂਲਾ ਸਿੰਘ ਐਵਾਰਡ ਨਾਲ ਗੁਰਦੁਆਰਾ ਸ਼ਹੀਦਾਂ ਹਿੱਕਸਵਿਲ ਵਿੱਖੇ ਸਨਮਾਨ ਕੀਤਾ ਗਿਆ । ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਰਾਜਸੀ ਪਾਰਟੀਆਂ ਉਦੋਂ ਦਿਸ਼ਾਹੀਣ ਹੁੰਦੀਆਂ ਹਨ ਜਦੋਂ ਪਾਰਟੀਆਂ 'ਚ ਖੜੌਤ ਆ ਜਾਵੇ ਤੇ ਖੜੌਤ ਉਦੋਂ ਆਉਂਦੀ ਹੈ ਜਦ ਕੋਈ ਇਕ ਪਰਿਵਾਰ ਪਾਰਟੀ ਨੂੰ ਆਪਣੀ ਜਗੀਰ ਸਮਝਣ ਲੱਗ ਜਾਵੇ। ਉਨ੍ਹਾਂ ਕਿਹਾ ਹੁਣ ਤਕ ਅਕਾਲੀ

(ਬਾਕੀ ਸਫਾ 2 'ਤੇ)

# ਪੰਜਾਬ ਪੁਲਿਸ ਵੱਲੋਂ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼; 6 ਕਿਲੋ ਹੈਰੋਇਨ ਸਮੇਤ ਦੋ ਕਾਬੂ

## ਗ੍ਰਿਫਤਾਰ ਦੋਸ਼ੀ ਡਰੋਨ ਰਾਹੀਂ ਨਸ਼ੀਲੇ ਪਦਾਰਥ ਭੇਜਣ ਵਾਲੇ ਪਾਕਿਸਤਾਨੀ ਤਸਕਰਾਂ ਦੇ ਸੰਪਰਕ 'ਚ ਸਨ : ਡੀ.ਜੀ.ਪੀ.

ਚੰਡੀਗੜ੍ਹ/ਤਰਨਤਾਰਨ, 30 ਮਾਰਚ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਤਰਨਤਾਰਨ ਪੁਲਿਸ ਨੇ 6 ਕਿਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਹਰਦੀਪ ਸਿੰਘ ਉਰਫ਼ ਦੀਪ ਅਤੇ ਹਰਜੀਤ ਸਿੰਘ ਦੋਵੇਂ ਵਾਸੀ ਪਿੰਡ ਠੱਠੀ ਸੋਹਲ, ਤਰਨਤਾਰਨ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤੀ ਜਾ ਰਹੀ ਉਨ੍ਹਾਂ ਦੀ ਸਵਿਫਟ ਕਾਰ ਨੂੰ ਵੀ ਜ਼ਬਤ ਕਰ ਲਿਆ ਹੈ।



ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਅਧਾਰਿਤ ਤਸਕਰ ਬਿੱਲਾ ਅਤੇ ਸ਼ਾਹ ਜੋ ਸਰਹੱਦ ਪਾਰੋਂ ਨਸ਼ਿਆਂ ਦੀਆਂ ਖੇਪਾਂ ਪਹੁੰਚਾ ਰਹੇ ਹਨ, ਦੇ ਸਿੱਧੇ ਸੰਪਰਕ ਵਿੱਚ ਸਨ। ਉਨ੍ਹਾਂ ਅੱਗੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਖੇਪਾਂ ਡਰੋਨ ਦੀ ਮਦਦ ਨਾਲ ਭੇਜੀਆਂ ਜਾ ਰਹੀਆਂ ਸਨ।

ਡੀਜੀਪੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਹਰਮਨਬੀਰ ਸਿੰਘ ਗਿੱਲ ਨੇ ਕਿਹਾ ਕਿ ਸਪਲਾਇਰਾਂ, ਡੀਲਰਾਂ ਅਤੇ ਖਰੀਦਦਾਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵੱਲੋਂ ਹੁਣ ਤੱਕ ਪ੍ਰਾਪਤ ਹੋਏ ਨਸ਼ਿਆਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਜਾਰੀ ਹੈ।

ਇਸ ਆਪਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨ ਤਾਰਨ ਅਭਿਮਨਿਊ ਰਾਣਾ ਨੇ ਦੱਸਿਆ ਕਿ ਦੋਸ਼ੀ ਹਰਦੀਪ ਅਤੇ ਹਰਜੀਤ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਬਾਰੇ ਮਿਲੀ ਭਰੋਸੇਯੋਗ ਸੂਹ 'ਤੇ ਕਾਰਵਾਈ ਕਰਦਿਆਂ, ਡੀਐਸਪੀ (ਡੀ) ਰਜਿੰਦਰ ਮਿਨਹਾਸ ਅਤੇ ਡੀਐਸਪੀ ਗੁਰਿੰਦਰਪਾਲ ਸਿੰਘ ਨਾਗਰਾ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਤਰਨ ਤਾਰਨ ਦੀ ਪੁਲਿਸ ਟੀਮ ਨੇ ਇੱਕ ਟੀਚਾਗਤ ਆਪ੍ਰੇਸ਼ਨ ਚਲਾਇਆ ਅਤੇ ਉਕਤ ਮੁਲਜ਼ਮਾਂ ਨੂੰ ਤਰਨ ਤਾਰਨ ਦੇ ਪਿੰਡ ਭੂਸੇ ਦੇ ਖੇਤਰ ਵਿੱਚੋਂ ਗ੍ਰਿਫ਼ਤਾਰ ਕਰਕੇ ਨਸ਼ੀਲੇ ਪਦਾਰਥ ਬਰਾਮਦ ਕੀਤੇ।

ਇਸ ਸਬੰਧੀ ਐਫਆਈਆਰ ਨੰਬਰ 27 ਮਿਤੀ 29 ਮਾਰਚ, 2025 ਨੂੰ ਤਹਿਤ ਤਰਨਤਾਰਨ ਦੇ ਸਰਾਏ ਅਮਾਨਤ ਖਾਨ ਪੁਲਿਸ ਸਟੇਸ਼ਨ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21(ਸੀ) ਅਤੇ 29 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਯੁੱਧ ਨਸ਼ਿਆਂ ਵਿਰੁੱਧ : ਹੁਣ ਤੱਕ 2680 ਐਫ.ਆਈ.ਆਰ. ਦਰਜ, 4542 ਤਸਕਰ ਗ੍ਰਿਫਤਾਰ

## ਪੁਲਿਸ ਦੀ ਕਾਬਲੀਅਤ ਸਦਕਾ ਇਹ ਮੁਹਿੰਮ ਇੰਨੀ ਕਾਮਯਾਬ ਹੋ ਸਕੀ : ਭੁੱਲਰ

ਚੰਡੀਗੜ੍ਹ, 30 ਮਾਰਚ, (ਚ.ਨ.ਸ.) : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਆਗੂ ਅਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ 1 ਮਾਰਚ ਤੋਂ 29 ਮਾਰਚ ਤੱਕ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਮੀਡੀਆ ਨਾਲ ਸਾਂਝੀ ਕੀਤੀ।



ਲਾਲਜੀਤ ਭੁੱਲਰ ਨੇ ਐਤਵਾਰ ਨੂੰ ਚੰਡੀਗੜ੍ਹ ਪਾਰਟੀ ਦਫਤਰ ਵਿਖੇ ਇਸ ਮੁਹਿੰਮ ਸਬੰਧੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਪੂਰੇ ਸੂਬੇ ਵਿੱਚ ਇਹ ਮੁਹਿੰਮ ਬੜੀ ਸਫਲਤਾ ਨਾਲ ਚਲਾਈ ਜਾ ਰਹੀ ਹੈ। ਹੁਣ ਤੱਕ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਐਨਡੀਪੀਐਸ ਦੀਆਂ 2680 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 4542 ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਦੇ ਨਾਲ ਹੀ 164 ਕਿਲੋ ਹੈਰੋਇਨ, 88 ਕਿਲੋ ਅਫੀਮ, 47 ਕਿਲੋ ਗਾਂਜਾ ਅਤੇ 5.84 ਕਰੋੜ ਰੁਪਏ ਤੋਂ ਵੱਧ ਦੀ ਨਕਦੀ ਜ਼ਬਤ ਕੀਤੀ ਗਈ ਹੈ। ਇਸ ਤੋਂ ਇਲਾਵਾ ਪੁਲਿਸ ਨੇ 8.60 ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ, 2053 ਕਿਲੋਗ੍ਰਾਮ ਭੁੱਕੀ, 6.4 ਕਿਲੋਗ੍ਰਾਮ ਚਰਸ, 498 ਬੋਤਲਾਂ ਨਕਲੀ ਸ਼ਰਾਬ, ਕਰੀਬ 9.5 ਕਿਲੋ ਨਸ਼ੀਲਾ ਪਾਊਡਰ ਅਤੇ 514 ਟੀਕੇ ਵੀ ਬਰਾਮਦ ਕੀਤੇ ਹਨ। ਇਸ ਦੇ ਨਾਲ ਹੀ ਨਸ਼ਾ ਤਸਕਰੀ ਵਿੱਚ ਸ਼ਾਮਲ 50 ਦੇ ਕਰੀਬ ਵਿਅਕਤੀਆਂ ਦੀਆਂ ਇਮਾਰਤਾਂ ਨੂੰ ਢਾਹ ਦਿੱਤਾ ਗਿਆ ਹੈ। ਇਨ੍ਹਾਂ ਲੋਕਾਂ ਨੇ ਨਸ਼ੀਲੇ ਪਦਾਰਥਾਂ ਦੇ ਪੈਸੇ ਨਾਲ ਇਹ ਘਰ ਗੈਰ-ਕਾਨੂੰਨੀ ਢੰਗ ਨਾਲ ਬਣਾਏ ਸਨ।

ਇਸ ਤੋਂ ਇਲਾਵਾ ਪੁਲਿਸ ਵੱਲੋਂ ਛਾਪੇਮਾਰੀ ਦੌਰਾਨ ਨਸ਼ਾ ਤਸਕਰੀ ਨਾਲ ਸਬੰਧਤ 22 ਮੋਟਰਸਾਈਕਲ, 8 ਮੋਬਾਈਲ, 4 ਕਾਰਾਂ ਅਤੇ 12 ਪਿਸਤੌਲ ਵੀ ਬਰਾਮਦ ਕੀਤੇ ਗਏ ਹਨ। ਕਾਰਵਾਈ ਦੌਰਾਨ 4 ਕਿਲੋ ਤੋਂ ਵੱਧ ਸੋਨਾ, ਜਿਸ ਵਿੱਚ ਇੱਕ ਹਾਰ ਅਤੇ ਦੋ ਚੇਨਾਂ ਸ਼ਾਮਲ ਸਨ ਅਤੇ 1.25 ਕਿਲੋ ਚਾਂਦੀ ਵੀ ਬਰਾਮਦ ਕੀਤੀ ਗਈ ਹੈ।

ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਾ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਨਸ਼ਿਆਂ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨਸ਼ਿਆਂ ਤੋਂ ਪੀੜਤ ਨੌਜਵਾਨਾਂ ਦੇ ਮਾਪਿਆਂ ਨੂੰ ਵੀ ਸਰਕਾਰ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਈ ਲੋਕ ਸਮਾਜਿਕ ਝਿਜਕ ਅਤੇ ਸ਼ਰਮ ਕਾਰਨ ਇਨ੍ਹਾਂ ਮਾਮਲਿਆਂ ਨੂੰ ਲੁਕਾਉਂਦੇ ਹਨ। ਜੇਕਰ ਕਿਸੇ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਜਾਵੇ ਤਾਂ ਉਸ ਨੂੰ ਦਿਲ ਦਾ ਦੌਰਾ ਹੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮੈਂ ਸਾਰੇ ਮਾਪਿਆਂ ਨੂੰ ਬੇਨਤੀ ਕਰਦਾ ਹਾਂ ਕਿ ਲੁਕੋ ਨਾ, ਖੁੱਲ੍ਹ ਕੇ ਸਾਹਮਣੇ ਆ ਕੇ ਸੱਚ ਬੋਲੋ। ਸਰਕਾਰ ਹਰ ਤਰ੍ਹਾਂ ਨਾਲ ਤੁਹਾਡਾ ਸਾਥ ਦੇਵੇਗੀ।

# ਸਫ਼ਾ ਇਕ ਦੀ ਬਾਕੀ

## ਪੰਜਾਬ ਦੇ ਰਾਜਪਾਲ ਵੱਲੋਂ ਈਦ-ਉਲ-ਫਿਤਰ ਦੀ ਵਧਾਈ

ਪ੍ਰਵਿਰਤੀਆਂ ਪੈਦਾ ਕਰਨ ਵਾਲੇ ਤਿਉਹਾਰ ਈਦ-ਉਲ-ਫਿਤਰ ਮੌਕੇ ਮੈਂ ਆਪਣੀਆਂ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦਾ ਹਾਂ। ਮੈਨੂੰ ਉਮੀਦ ਹੈ ਕਿ ਇਹ ਤਿਉਹਾਰ ਭਾਈਚਾਰੇ, ਸਦਭਾਵਨਾ ਅਤੇ ਆਪਸੀ ਸਾਂਝ ਦੀਆਂ ਭਾਵਨਾਵਾਂ ਨੂੰ ਉਜਾਗਰ ਕਰੇਗਾ ਅਤੇ ਸਾਡੇ ਸਾਂਝੇ ਸਮਾਜ ਦੇ ਬੰਧਨਾਂ ਨੂੰ ਹੋਰ ਮਜ਼ਬੂਤ ਕਰੇਗਾ।ਆਪਣੇ ਸੰਦੇਸ਼ ਵਿੱਚ, ਰਾਜਪਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸਲਾਮ ਦੇ ਸਿਧਾਂਤਾਂ ਨੂੰ ਯਾਦ ਕਰਦਿਆਂ ਆਪਣੇ ਸਾਥੀ ਨਾਗਰਿਕਾਂ ਪ੍ਰਤੀ ਦਿਆਲਤਾ, ਹਮਦਰਦੀ, ਉਦਾਰਤਾ ਅਤੇ ਸਹਿਣਸ਼ੀਲਤਾ ਦੇ ਗੁਣਾਂ ਨੂੰ ਅਪਣਾਉਣ ਜੋ ਸ਼ਾਂਤੀ, ਸ਼ੁੱਧਤਾ ਅਤੇ ਪਰਮਾਤਮਾ ਦੀ ਇੱਛਾ ਅੱਗੇ ਸਿਰ ਝੁਕਾਉਣ ਤੇ ਜ਼ੋਰ ਦਿੰਦੇ ਹਨ।

## ਮਨੀਪੁਰ, ਨਾਗਾਲੈਂਡ ਤੇ ਅਰੁਣਾਚਲ 'ਚ 6 ਮਹੀਨਿਆਂ ਲਈ ਵਧਾਈ ਅ.ਫਸਪਾ

ਵੱਧ ਲੋਕਾਂ ਦੀ ਜਾਨ ਲੈ ਲਈ ਹੈ। ਇਸ ਉਥਲ-ਪੁਥਲ ਤੋਂ ਬਾਅਦ, ਫ਼ਰਵਰੀ 2025 'ਚ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਗਿਆ ਸੀ, ਅਤੇ 'ਅਸ਼ਾਂਤ ਖੇਤਰ' ਐਲਾਨ, ਜਿਸ ਨੂੰ 2022 'ਚ ਅੰਸ਼ਕ ਤੌਰ 'ਤੇ ਹਟਾ ਦਿਤਾ ਗਿਆ ਸੀ, ਅਕਤੂਬਰ 2024 ਤੋਂ ਵੱਡੇ ਪੱਧਰ 'ਤੇ ਦੁਬਾਰਾ ਲਾਗੂ ਕੀਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਥਾਨਕ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ ਨਾਗਾਲੈਂਡ ਅਤੇ ਅਰੁਣਾਚਲ ਪ੍ਰਦੇਸ਼ ਦੇ ਖੇਤਰਾਂ 'ਚ ਅਫਸਪਾ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਨੋਟੀਫਿਕੇਸ਼ਨ ਜਾਰੀ ਕੀਤੇ ਹਨ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਹਿਲਾਂ ਕਿਹਾ ਸੀ ਕਿ ਉੱਤਰ-ਪੂਰਬੀ ਸੂਬਿਆਂ ਦੇ 70 ਫੀਸਦੀ ਤੋਂ ਅਫਸਪਾ ਹਟਾ ਦਿਤਾ ਗਿਆ ਹੈ ਪਰ ਜੰਮੂ-ਕਸ਼ਮੀਰ 'ਚ ਇਹ ਅਜੇ ਵੀ ਲਾਗੂ ਹੈ। ਇਸ ਐਕਟ ਦਾ ਵਿਆਪਕ ਵਿਰੋਧ ਹੋ ਰਿਹਾ ਹੈ। ਮਨੀਪੁਰ ਦੀ ਪ੍ਰਸਿੱਧ ਕਾਰਕੁਨ ਇਰੋਮ ਚਾਨੂ ਸ਼ਰਮੀਲਾ ਨੇ 16 ਸਾਲਾਂ ਤਕ ਭੁੱਖ ਹੜਤਾਲ ਰਾਹੀਂ ਇਸ ਦਾ ਵਿਰੋਧ ਕੀਤਾ। ਆਲੋਚਨਾ ਇਸ ਦੀਆਂ ਵਿਆਪਕ ਸ਼ਕਤੀਆਂ ਦੇ ਦੁਆਲੇ ਘੁੰਮਦੀ ਹੈ, ਜਿਵੇਂ ਕਿ ਬਿਨਾਂ ਵਾਰੰਟ ਦੇ ਗ੍ਰਿਫ਼ਤਾਰੀਆਂ ਅਤੇ ਤਲਾਸ਼ੀ ਦੀ ਤਾਕਤ, ਅਤੇ ਨਤੀਜੇ ਵਜੋਂ ਕਥਿਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ। ਵਿਰੋਧ ਪ੍ਰਦਰਸ਼ਨਾਂ ਦੇ ਬਾਵਜੂਦ, ਇਹ ਐਕਟ ਉੱਤਰ-ਪੂਰਬ ਅਤੇ ਜੰਮੂ-ਕਸ਼ਮੀਰ 'ਚ ਇਕ ਵਿਵਾਦਪੂਰਨ ਮੁੱਦਾ ਬਣਿਆ ਹੋਇਆ ਹੈ, ਜੋ ਸ਼ਾਸਨ ਅਤੇ ਨਾਗਰਿਕ ਆਜ਼ਾਦੀ ਨੂੰ ਡੂੰਘਾ ਪ੍ਰਭਾਵਤ ਕਰਦਾ ਹੈ।

## ਸਾਡੇ ਤਿਉਹਾਰ ਦੇਸ਼ ਦੀ ਵਿਭਿੰਨਤਾ ਵਿੱਚ ਏਕਤਾ ਨੂੰ ਦਰਸਾਉਂਦੇ ਨੇ: ਮੋਦੀ

ਪੀ.ਐੱਮ. ਮੋਦੀ ਨੇ ਆਪਣੇ ਸੰਬੋਧਨ ਚ ਵੱਖ-ਵੱਖ ਤਰੀਕਿਆਂ ਨਾਲ ਜਲ ਸੁਰੱਖਿਆ ਕਰ ਕੇ ਕੈਚ ਦਿ ਰੇਨ ਮੁਹਿੰਮ ਨੂੰ ਅੱਗੇ ਵਧਾਉਣ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਕਦਮਾਂ ਨਾਲ ਪਿਛਲੇ 7 ਤੋਂ 8 ਸਾਲਾਂ ਚ 11 ਅਰਬ ਘਣ ਮੀਟਰ ਤੋਂ ਵੱਧ ਪਾਣੀ ਬਚਾਇਆ ਗਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਹ ਭਾਰਤ ਵਲੋਂ ਮਨੁੱਖਤਾ ਲਈ ਇਕ ਅਨਮੋਲ ਤੋਹਫ਼ਾ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ 21 ਜੂਨ ਨੂੰ ਮਨਾਇਆ ਜਾਣ ਵਾਲਾ ਅੰਤਰਰਾਸ਼ਟਰੀ ਯੋਗ ਦਿਵਸ ਹੁਣ ਇਕ ਵੱਡਾ ਉਤਸਵ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਇਸ ਆਯੋਜਨ ਦਾ ਵਿਸ਼ਾ ਇਕ ਧਰਤੀ, ਇਕ ਸਿਹਤ ਲਈ ਯੋਗ ਹੈ।

## ਮਨੀਕਰਨ 'ਚ ਗੁਰਦੁਆਰਾ ਸਾਹਿਬ ਨੇੜੇ ਜ਼ਮੀਨ ਖਿਸਕਣ ਕਾਰਨ 6 ਮੌਤਾਂ

ਕਾਰਨ ਉੱਥੇ ਮੌਜੂਦ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਸੀ। ਘਟਨਾ ਵਾਪਰਦੇ ਹੀ ਸਥਾਨਕ ਲੋਕਾਂ ਨੇ ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਜ਼ਖਮੀਆਂ ਨੂੰ ਮਲਬੇ ਤੋਂ ਬਾਹਰ ਕੱਢਿਆ ਗਿਆ ਅਤੇ ਮੁੱਢਲੀ ਸਹਾਇਤਾ ਦਿੱਤੀ ਗਈ ਅਤੇ ਪ੍ਰਸ਼ਾਸਨ ਨੂੰ ਘਟਨਾ ਬਾਰੇ ਸੂਚਿਤ ਕੀਤਾ ਗਿਆ। ਪੁਲਿਸ, ਪ੍ਰਸ਼ਾਸਨ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ ਤੇ ਪਹੁੰਚ ਗਈਆਂ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਕੁੱਲੂ ਦੇ ਡਿਪਟੀ ਕਮਿਸ਼ਨਰ (ਡੀ.ਸੀ.) ਟੋਰੂਲ ਐੱਸ.ਰਵੀਸ਼ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹੁਣ ਤੱਕ 6 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ ਅਤੇ ਕੁਝ ਲੋਕ ਜ਼ਖਮੀ ਹੋਏ ਹਨ। ਫਿਲਹਾਲ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਹਾੜੀ ਤੋਂ ਡਿੱਗੇ ਮਲਬੇ ਨੂੰ ਹਟਾਉਣ ਦਾ ਕੰਮ ਜਾਰੀ ਹੈ ਅਤੇ ਕੁਝ ਲੋਕਾਂ ਦੇ ਅਜੇ ਵੀ ਫਸੇ ਹੋਣ ਦਾ ਖਦਸ਼ਾ ਹੈ। ਇਸ ਜ਼ਮੀਨ ਖਿਸਕਣ ਕਾਰਨ, ਕੁੱਲੂ ਨੂੰ ਮਨੀਕਰਨ ਨਾਲ ਜੋੜਨ ਵਾਲੀ ਮੁੱਖ ਸੜਕ ਵੀ ਬੰਦ ਹੋ ਗਈ ਹੈ। ਇਸਨੂੰ ਖੋਲ੍ਹਣ ਲਈ, ਜੇ.ਸੀ.ਬੀ. ਮਸ਼ੀਨਾਂ ਦੀ ਮਦਦ ਨਾਲ ਮਲਬਾ ਹਟਾਇਆ ਜਾ ਰਿਹਾ ਹੈ।

## ਜਿਹੜੇ ਗੁਰੂ ਘਰਾਂ 'ਚ ਪਹਿਰੇਦਾਰੀ ਨਹੀਂ, ਉੱਥੋਂ ਗੁਰੂ ਸਾਹਿਬ ਦੇ ਸਰੂਪ ਲੈ ਲਏ ਜਾਣਗੇ: ਜਥੇਦਾਰ ਗੜਗੱਜ

ਸੰਗਤ ਅਤੇ ਪ੍ਰਬੰਧਕਾਂ ਤੋਂ ਸਾਰੇ ਹਾਲਾਤਾਂ ਦੀ ਜਾਣਕਾਰੀ ਲਈ। ਮੌਕੇ 'ਤੇ ਪਹੁੰਚੇ ਜਥੇਦਾਰ ਗੜਗੱਜ ਨੇ ਪਹਿਲਾਂ ਤਾਂ ਸਾਰੇ ਪਿੰਡ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤਲਬ ਕੀਤਾ ਤੇ ਨਾਲ ਹੀ ਵੱਡਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਦੇ ਕਈ ਗੁਰਦੁਆਰਿਆਂ 'ਚ ਪਹਿਰੇਦਾਰ ਨਹੀਂ ਹਨ ਤੇ ਜਿਹੜੇ ਗੁਰੂਘਰਾਂ 'ਚ ਪਹਿਰੇਦਾਰ ਨਹੀਂ ਹੋਣਗੇ, ਉਥੋਂ ਪਾਵਨ ਸਰੂਪ ਨੇੜਲੇ ਇਤਿਹਾਸਿਕ ਗੁਰੂ ਘਰਾਂ 'ਚ ਭੇਜੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਵਉਚ ਨੇ

ਜੇ ਸਾਡੇ ਗੁਰੂ ਦਾ ਸਤਿਕਾਰ ਨਹੀਂ ਤਾਂ ਸਾਡਾ ਕਦੇ ਸਤਿਕਾਰ ਨਹੀਂ ਹੋਣਾ। ਗੁਰੂ ਦੇ ਮਸਲੇ 'ਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਪਿੰਡ ਦੇ ਸਮੂਹ ਘਰਾਂ ਵਿੱਚੋਂ ਇੱਕ-ਇੱਕ ਮੈਂਬਰ ਨੂੰ ਸ੍ਰੀ ਅਕਾਲ ਤਖਤ ਵਿਖੇ ਸੱਦਿਆ ਜਾਵੇਗਾ। ਇਸ ਦੌਰਾਨ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪ੍ਰਸ਼ਾਸਨ ਵੀ ਪੁੱਜ ਗਿਆ ਸੀ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਥੇਦਾਰ ਨੇ ਕਿਹਾ ਕਿ ਭਾਵੇਂ ਅੱਗ ਲੱਗਣ ਨਾਲ ਵੱਡਾ ਨੁਕਸਾਨ ਹੋਇਆ ਹੈ ਪਰ ਗੁਰਦੁਆਰੇ ਦੇ ਅੰਦਰ ਲੱਗੇ ਸੀ.ਸੀ.ਟੀਵੀ ਕੈਮਰਿਆਂ ਦੇ ਡੀ.ਵੀ.ਡੀ. ਤੋਂ ਪਤਾ ਲਾਉਣ ਦਾ ਯਤਨ ਕੀਤਾ ਜਾਵੇਗਾ ਕਿ ਘਟਨਾ ਕਿਵੇਂ ਵਾਪਰੀ ਹੈ।

## ਕਰਨਲ ਬਾਠ ਦੇ ਪਰਿਵਾਰ ਵੱਲੋਂ ਰਾਜਨਾਥ ਸਿੰਘ ਨਾਲ ਮੁਲਾਕਾਤ

ਦੇਰੀ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੂਬਾ ਸਰਕਾਰ ਤੋਂ ਜਵਾਬ ਮੰਗਿਆ ਸੀ। ਪੁਸ਼ਪਿੰਦਰ ਬਾਠ ਦੀ ਪਤਨੀ ਜਸਵਿੰਦਰ ਬਾਠ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਪਤੀ ਅਤੇ ਪੁੱਤਰ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਨੇੜੇ ਇੱਕ ਢਾਬੇ 'ਤੇ ਪਹੁੰਚੇ ਸਨ।

ਉਨ੍ਹਾਂ ਦਾਅਵਾ ਕੀਤਾ ਸੀ ਕਿ ਜਦੋਂ ਉਹ ਕਾਰ ਤੋਂ ਬਾਹਰ ਖੜ੍ਹੇ ਹੋ ਕੇ ਖਾਣਾ ਖਾ ਰਹੇ ਸਨ ਤਾਂ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਕਰਨਲ ਨੂੰ ਕਾਰ ਹਟਾਉਣ ਲਈ ਕਿਹਾ। ਜਦੋਂ ਕਰਨਲ ਨੇ ਪੁਲੀਸ ਅਧਿਕਾਰੀ ਦੀ ਭਾਸ਼ਾ 'ਤੇ ਇਤਰਾਜ਼ ਕੀਤਾ ਤਾਂ ਪੁਲੀਸ ਕਰਮੀਆਂ ਵਿੱਚੋਂ ਇੱਕ ਨੇ ਮੁੱਕਾ ਮਾਰਿਆ ਅਤੇ ਬਾਅਦ ਵਿੱਚ ਸਾਰੇ ਪੁਲੀਸ ਕਰਮਚਾਰੀਆਂ ਨੇ ਉਸ ਦੇ ਪਤੀ ਅਤੇ ਪੁੱਤਰ ਨੂੰ ਦੀ ਕੁੱਟਮਾਰ ਕੀਤੀ।

## ਜੇਕਰ ਅਸੀਂ ਦੇਸ਼ ਨੂੰ ਬਦਲਣਾ ਚਾਹੁੰਦੇ ਹਾਂ, ਤਾਂ ਸਾਨੂੰ ਨੌਜਵਾਨਾਂ ਦੀ ਆਵਾਜ਼ ਸੁਣਨੀ ਪਵੇਗੀ: ਸਿਸੋਦੀਆ

ਅਤੇ ਤਬਦੀਲੀ ਦੀ ਸ਼ੁਰੂਆਤ ਕਰਨ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, ਭਾਵੇਂ ਇਹ ਇਨਸਾਫ਼ ਲਈ ਲੜਾਈ ਹੋਵੇ ਜਾਂ ਨਵੇਂ ਯੁੱਗ ਦੀ ਸ਼ੁਰੂਆਤ, ਨੌਜਵਾਨ ਹਮੇਸ਼ਾ ਆਪਣੀ ਆਵਾਜ਼ ਬੁਲੰਦ ਕਰਨ ਵਿੱਚ ਸਭ ਤੋਂ ਪਹਿਲਾਂ ਹੁੰਦੇ ਹਨ।

ਇਸ 'ਤੇ ਮਾਣ ਜ਼ਾਹਰ ਕਰਦੇ ਹੋਏ ਸਿਸੋਦੀਆ ਨੇ ਕਿਹਾ, ਮੈਂ ਅਜਿਹੇ ਨੌਜਵਾਨਾਂ ਨਾਲ ਕੰਮ ਕਰਕੇ ਆਪਣੇ ਆਪ ਨੂੰ ਸਨਮਾਨਤ ਮਹਿਸੂਸ ਕਰਦਾ ਹਾਂ ਜੋ ਨਾ ਸਿਰਫ ਸਿਸਟਮ ਤੇ ਸਵਾਲ ਉਠਾਉਂਦੇ ਹਨ, ਸਗੋਂ ਜਵਾਬ ਦੇਣ ਦੀ ਕੋਸ਼ਿਸ਼ ਵੀ ਕਰਦੇ ਹਨ। ਉਹ ਸਮਾਜ ਦੇ ਸੱਚੇ ਪਰਿਵਰਤਨਕਰਤਾ ਹਨ।

## ਪੰਜਾਬ ਸਰਕਾਰ ਕਣਕ ਖ਼ਰੀਦਣ ਲਈ ਪੂਰੀ ਤਰ੍ਹਾਂ ਤਿਆਰ: ਕਟਾਰੂਚੱਕ

ਗਏ ਹਨ। ਇਸ ਤੋਂ ਇਲਾਵਾ ਮੰਡੀਆਂ ਵਿੱਚ ਕਈ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ 700 ਦੇ ਕਰੀਬ ਕੱਚੀ ਮੰਡੀਆਂ ਨੂੰ ਆਰਜੀ ਮੰਡੀ ਵੀ ਤਿਆਰ ਕੀਤਾ ਗਿਆ ਹੈ ਤਾਂ ਜੋ ਲੋੜ ਪੈਣ ਤੇ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਇਸ ਦੇ ਨਾਲ ਹੀ ਸਰਕਾਰ ਵੱਲੋਂ ਖਰੀਦ ਪ੍ਰਕਿਰਿਆ ਨਾਲ ਸਬੰਧਤ ਸਾਰੇ ਵਿਭਾਗਾਂ ਨੂੰ ਸਖ਼ਤ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਅਤੇ ਇੱਥੋਂ ਦੀ ਆਰਥਿਕਤਾ ਅਤੇ ਪਿੰਡਾਂ ਦਾ ਵਿਕਾਸ ਖੇਤੀਬਾੜੀ 'ਤੇ ਆਧਾਰਿਤ ਹੈ। ਇਸ ਲਈ ਪੰਜਾਬ ਸਰਕਾਰ ਕਿਸਾਨਾਂ ਦੀ ਤਰੱਕੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ।

ਇਸ ਤੋਂ ਇਲਾਵਾ ਬਿਜਲੀ ਬੋਰਡ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਅਮਨ-ਕਾਨੂੰਨ ਬਣਾਈ ਰੱਖਣ ਲਈ ਡੀਜੀਪੀ ਪੰਜਾਬ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਸਬੰਧੀ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ, ਤਾਂ ਜੋ ਕਿਸਾਨ ਭਰਾਵਾਂ ਨੂੰ ਖਰੀਦ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਦਾ ਹਵਾਲਾ ਦਿੰਦਿਆਂ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਦਾ ਸਪੱਸ਼ਟ ਹੁਕਮ ਹੈ ਕਿ ਕਿਸਾਨਾਂ ਦੀਆਂ ਫਸਲਾਂ ਦੀ ਪੂਰੀ ਕੀਮਤ ਘੱਟੋ-ਘੱਟ ਸਮਰਥਨ ਮੁੱਲ ਅਨੁਸਾਰ 24 ਘੰਟਿਆਂ ਦੇ ਅੰਦਰ-ਅੰਦਰ ਕਿਸਾਨਾਂ ਦੇ ਖਾਤਿਆਂ ਵਿੱਚ ਪੁੱਜ ਜਾਵੇ। ਕਟਾਰੂਚੱਕ ਨੇ ਕਿਹਾ ਕਿ ਮੰਡੀਆਂ ਵਿੱਚ ਚੰਗੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਮੈਂ ਇੱਕ ਮੰਤਰੀ ਵਜੋਂ ਲਗਾਤਾਰ ਵੱਖ-ਵੱਖ ਮੰਡੀਆਂ ਦਾ ਦੌਰਾ ਕਰ ਰਿਹਾ ਹਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲੈ ਰਿਹਾ ਹਾਂ। ਇਸ ਵਾਰ ਅਸੀਂ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦੇਵਾਂਗੇ। ਕਟਾਰੂਚੱਕ ਨੇ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ ਅਤੇ ਇਸ ਵਾਰ ਕਣਕ ਦੀ ਖਰੀਦ ਪ੍ਰਕਿਰਿਆ ਨੂੰ ਕਿਸਾਨਾਂ ਲਈ ਪੂਰੀ ਤਰ੍ਹਾਂ ਆਸਾਨ ਅਤੇ ਸੁਵਿਧਾਜਨਕ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਖਰੀਦ ਪ੍ਰਕਿਰਿਆ ਦੌਰਾਨ ਲਾਪਰਵਾਹੀ ਵਰਤਣ ਵਾਲੇ ਵਿਭਾਗਾਂ ਅਤੇ ਅਧਿਕਾਰੀਆਂ ਖ਼ਿਲਾਫ਼ ਸਰਕਾਰ ਸਖਤ ਕਾਰਵਾਈ ਕਰੇਗੀ। ਕਟਾਰੂਚੱਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਕਿਸਾਨਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਕੰਮ ਕਰਦੇ ਹੋਏ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਸ ਸਾਲ ਖਰੀਦ ਪ੍ਰਕਿਰਿਆ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦਾ ਸੰਕਟ ਦਾ ਸਾਹਮਣਾ ਨਾ ਕਰਨਾ ਪਵੇ।

## ਮਨਿੰਦਰਜੀਤ ਸਿੰਘ ਬੇਦੀ ਨੇ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਵਜੋਂ ਅਹੁਦਾ ਸੰਭਾਲਿਆ

ਅਤੇ ਉਨ੍ਹਾਂ ਦੇ ਪਿਤਾ ਸਵ. ਇੰਦਰਜੀਤ ਸਿੰਘ ਬੇਦੀ ਵੀ ਰਾਮਪੁਰਾ ਫੂਲ ਵਿਖੇ ਵਕਾਲਤ ਕਰਦੇ ਸਨ। ਬੇਦੀ ਸਭ ਤੋਂ ਛੋਟੀ ਉਮਰ ਦੇ ਐਡੀਸ਼ਨਲ ਐਡਵੋਕੇਟ ਜਨਰਲ ਨਿਯੁਕਤ ਹੋਏ ਹਨ, ਜੋ ਉਨ੍ਹਾਂ ਲਈ ਬਹੁਤ ਵੱਡੀ ਪ੍ਰਾਪਤੀ ਹੈ।

## ਪੰਜਾਬ 'ਚ ਪਰਾਲ਼ੀ ਸਾੜਨ ਤੋਂ ਰੋਕਣ ਦੀ ਮੰਗ ਵਾਲੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖਾਰਜ

ਨਾਲ ਪ੍ਰਭਾਵਿਤ ਹੁੰਦੇ ਹਨ। ਪਟੀਸ਼ਨ ਚ ਇਹ ਵੀ ਕਿਹਾ ਗਿਆ ਹੈ ਕਿ ਹਵਾ ਪ੍ਰਦੂਸ਼ਣ ਇਕ ਰਾਸ਼ਟਰੀ ਸੰਕਟ ਬਣ ਗਿਆ ਹੈ, ਜੋ ਦੇਸ਼ 'ਚ ਰਹਿਣ ਵਾਲੇ ਲੱਖਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰ ਰਿਹਾ ਹਾਂ। ਇਹ ਭਾਰਤ ਦੇ ਸੰਵਿਧਾਨ ਦੀ ਧਾਰਾ 14,19 ਅਤੇ 21 ਦੇ ਅਧੀਨ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਵੀ ਕਰ ਰਿਹਾ ਹੈ। ਪਟੀਸ਼ਨ ਚ ਤਰਕ ਦਿੱਤਾ ਗਿਆ ਹੈ,ਇਸ ਅਦਾਲਤ ਵਲੋਂ ਪਹਿਲਾਂ ਜਾਰੀ ਕੀਤੇ ਗਏ ਕਈ ਨਿਰਦੇਸ਼ਾਂ ਦੇ ਬਾਵਜੂਦ ਉਨ੍ਹਾਂ ਦੀ ਸਹੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ ਹੈ। ਸਰਕਾਰੀ ਏਜੰਸੀਆਂ ਅਤੇ ਹਿੱਤਧਾਰਕ ਜਨਤਕ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਕਰਨ ਦੇ ਆਪਣੇ ਕਰਤੱਵ ਚ ਅਸਫ਼ਲ ਰਹੇ ਹਨ।

## ਟੋਂਗਾ ਨੇੜੇ 7.1 ਤੀਬਰਤਾ ਦਾ ਭੂਚਾਲ, ਸੁਨਾਮੀ ਦੀ ਚਿਤਾਵਨੀ ਜਾਰੀ

ਜਿਸ ਵਿੱਚ 171 ਟਾਪੂ ਹਨ ਅਤੇ ਇਸਦੀ ਆਬਾਦੀ 100,000 ਤੋਂ ਵੱਧ ਹੈ, ਜਿਸ ਵਿੱਚ ਜ਼ਿਆਦਾਤਰ ਲੋਕ ਮੁੱਖ ਟਾਪੂ, ਟੋਂਗਾਟਾਪੂ ਵਿੱਚ ਰਹਿੰਦੇ ਹਨ। ਇਹ ਆਸਟ੍ਰੇਲੀਆ ਦੇ ਤੱਟ ਤੋਂ 3,500 ਕਿਲੋਮੀਟਰ (2,000 ਮੀਲ) ਤੋਂ ਵੱਧ ਪੂਰਬ ਵਿੱਚ ਸਥਿਤ ਹੈ।

## ਪੇਜ਼ਸ਼ਕਿਆਨ ਨੇ ਟਰੰਪ ਦੀ ਚਿੱਠੀ ਦਾ ਦਿੱਤਾ ਜਵਾਬ ਈਰਾਨ ਵੱਲੋਂ ਅਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਨਾਲ ਸਿੱਧੀ ਗੱਲਬਾਤ ਰੱਦ

ਟਕਰਾਅ ਸ਼ਾਮਲ ਹਨ। ਈਰਾਨ ਦੇ ਸੁਪਰੀਮ ਲੀਡਰ ਖਾਮੇਨੀ ਨੇ ਟਰੰਪ ਨਾਲ ਗੱਲਬਾਤ ਨੂੰ 'ਬੁੱਧੀਮਾਨ ਜਾਂ ਸਨਮਾਨਯੋਗ ਨਹੀਂ' ਦੱਸਦਿਆਂ ਰੱਦ ਕਰ ਦਿਤਾ। ਟਰੰਪ ਨੇ ਉੱਤਰੀ ਕੋਰੀਆ ਨਾਲ ਅਪਣੇ ਪਿਛਲੇ ਪੱਤਰ-ਵਿਹਾਰ ਨੂੰ ਯਾਦ ਕਰਦਿਆਂ ਚਿਤਾਵਨੀ ਦਿਤੀ ਹੈ ਕਿ ਜੇਕਰ ਈਰਾਨ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਦਾ ਹੈ ਤਾਂ ਉਸ ਵਿਰੁਧ ਫ਼ੌਜੀ ਕਾਰਵਾਈ ਕੀਤੀ ਜਾਵੇਗੀ। ਈਰਾਨ ਦਾ ਕਹਿਣਾ ਹੈ ਕਿ ਉਸ ਦਾ ਪ੍ਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਹੈ, ਹਾਲਾਂਕਿ ਸੰਯੁਕਤ ਰਾਸ਼ਟਰ ਨੇ ਦੇਸ਼ ਵਲੋਂ ਤੇਜ਼ੀ ਨਾਲ ਹਥਿਆਰ ਪੱਧਰ ਦਾ ਯੂਰੇਨੀਅਮ ਬਣਾਉਣ ਦੀ ਤਿਆਰੀ ਦੀ ਰੀਪੋਰਟ ਕੀਤੀ ਹੈ।

## ਅਮਿਤ ਸ਼ਾਹ ਵੱਲੋਂ ਨਿਤੀਸ਼ ਕੁਮਾਰ ਦੀ ਰਿਹਾਇਸ਼ 'ਤੇ ਐਨ. ਡੀ. ਏ.ਆਗੂਆਂ ਨਾਲ ਮੁਲਾਕਾਤ

ਵਿਲਾਸ) ਦੇ ਪ੍ਰਧਾਨ ਹਨ, ਨੇ ਮੀਟਿੰਗ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ। ਹਾਜੀਪੁਰ ਤੋਂ ਸੰਸਦ ਮੈਂਬਰ ਨੇ ਕਿਹਾ, "ਇਹ ਚਰਚਾ ਚੋਣਾਂ ਤੋਂ ਪਹਿਲਾਂ ਗੱਠਜੋੜ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਕੇਂਦਰਤ ਸੀ।" ਪਾਸਵਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਲੋਕ ਸਭਾ ਚੋਣਾਂ ਵਿੱਚ ਕੀਤੇ ਸ਼ਾਨਦਾਰ ਪ੍ਰਦਰਸ਼ਨ ਦੇ ਹਵਾਲੇ ਨਾਲ ਵਿਧਾਨ ਸਭਾ ਚੋਣਾਂ ਵਿੱਚ 'ਢੁੱਕਵੀਂ' ਹਿੱਸੇਦਾਰੀ ਮੰਗੇਗੀ। ਉਨ੍ਹਾਂ ਆਖਿਆ ਕਿ ਇਹ ਮੀਟਿੰਗ ਬਹੁਤ ਜਲਦੀ ਖਤਮ ਹੋ ਗਈ ਕਿਉਂਕਿ ਏਜੰਡੇ 'ਚ ਕੋਈ ਗੁੰਝਲਦਾਰ ਮੁੱਦਾ ਨਹੀਂ ਸੀ। ਭਾਜਪਾ ਤੇ ਜਨਤਾ ਦਲ (ਯੂ) ਦੇ ਸੀਨੀਅਰ ਆਗੂਆਂ ਤੋਂ ਇਲਾਵਾ ਮੀਟਿੰਗ ਵਿੱਚ ਕੇਂਦਰੀ ਮੰਤਰੀ ਜੀਤਨ ਰਾਮ ਮਾਂਝੀ (ਹਿੰਦੁਸਤਾਨ ਆਵਾਮ ਮੋਰਚਾ ਦੇ ਪ੍ਰਧਾਨ), ਅਤੇ ਰਾਜ ਸਭਾ ਮੈਂਬਰ ਉਪੇਂਦਰ ਕੁਸ਼ਵਾਹਾ ਜੋ ਕਿ ਰਾਸ਼ਟਰੀ ਲੋਕ ਮੋਰਚਾ ਦੇ ਸੰਸਥਾਪਕ ਮੈਂਬਰ ਹਨ।

## 'ਗਾਵਾਂ ਦਾ ਚਾਰਾ ਖਾਣ ਵਾਲੇ ਲਾਲੂ ਜੀ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ'

ਦੋਵਾਂ ਜਗ੍ਹਾ ਦੀਆਂ ਐੱਨ.ਡੀ.ਏ. ਸਰਕਾਰਾਂ ਰਾਜ ਦੇ ਸਮੁੱਚੇ ਵਿਕਾਸ ਲਈ ਕੰਮ ਕਰ ਰਹੀਆਂ ਹਨ। ਜੋ ਲੋਕ ਪਸ਼ੂਆਂ ਦਾ ਚਾਰਾ ਖਾਂਦੇ ਹਨ, ਉਹ ਰਾਜ ਦੇ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ। ਲਾਲੂ ਜੀ ਹੜ੍ਹ ਰਾਹਤ ਸਮੱਗਰੀ ਸਪਲਾਈ ਘਪਲੇ, ਚਰਵਾਹਾ ਸਕੂਲ ਘਪਲੇ ਚ ਸ਼ਾਮਲ ਸਨ... ਉਨ੍ਹਾਂ ਨੇ ਗਾਂਵਾਂ ਦਾ ਚਾਰਾ ਵੀ ਖਾਧਾ। ਭਾਜਪਾ ਆਗੂ ਨੇ ਦੋਸ਼ ਲਗਾਇਆ,ਇੱਥੇ (ਬਿਹਾਰ) ਲਾਲੂ-ਰਾਬੜੀ ਸਰਕਾਰ ਅਤੇ ਕੇਂਦਰ ਚ ਸੋਨੀਆ-ਮਨਮੋਹਨ ਸਰਕਾਰ ਨੇ ਬਿਹਾਰ ਲਈ ਕੁਝ ਨਹੀਂ ਕੀਤਾ। ਲਾਲੂ ਪ੍ਰਸਾਦ ਨੇ ਸਿਰਫ਼ ਆਪਣੇ ਪਰਿਵਾਰ ਲਈ ਕੰਮ ਕੀਤਾ। ਉਨ੍ਹਾਂ ਕਿਹਾ,ਲਾਲੂ ਪ੍ਰਸਾਦ ਨੇ ਆਪਣੇ ਪੁੱਤਾਂ ਨੂੰ ਮੁੱਖ ਮੰਤਰੀ ਬਣਾਉਣ ਦੀ ਕੋਸ਼ਿਸ਼ ਕੀਤੀ... ਆਪਣੀ ਪਤਨੀ ਨੂੰ ਬਿਹਾਰ ਦੀ ਮੁੱਖ ਮੰਤਰੀ ਬਣਾਉਣ ਦੀ ਤਿਆਰੀ ਕਰ ਰਹੇ ਹਨ, ਆਪਣੀ ਬੇਟੀ ਨੂੰ ਰਾਜ ਸਭਾ ਭੇਜਿਆ ਪਰ ਲੋਕਾਂ ਲਈ ਕੁਝ ਨਹੀਂ ਕੀਤਾ। ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਚ ਆਰਜੇਡੀ ਸਰਕਾਰ ਬਿਹਾਰ ਦੇ ਸਮੁੱਚੇ ਵਿਕਾਸ ਲਈ ਕੰਮ ਕਰ ਰਹੀ ਹੈ। ਸ਼ਾਹ ਨੇ ਕਿਹਾ ਕਿ ਅਗਲੇ 5 ਸਾਲਾਂ ਚ ਬਿਹਾਰ ਨੂੰ ਹੜ੍ਹ ਮੁਕਤ ਬਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਸਰਕਾਰ ਬਿਹਾਰ ਚ ਦੇਵੀ ਸੀਤਾ ਦੇ ਜਨਮ ਸਥਾਨ (ਪੁਨੌਰਾ ਧਾਮ) ਤੇ ਇਕ ਸ਼ਾਨਦਾਰ ਮੰਦਰ ਦਾ ਨਿਰਮਾਣ ਵੀ ਕਰ ਰਹੀ ਹੈ।

## ਨਿਊਯਾਰਕ ਦੇ ਗੁਰਦੁਆਰਿਆਂ ਤੇ ਸੁਸਾਇਟੀਆਂ ਵੱਲੋਂ ਗਿ. ਹਰਪ੍ਰੀਤ ਸਿੰਘ ਦਾ 'ਅਕਾਲੀ ਫੂਲਾ ਸਿੰਘ ਐਵਾਰਡ' ਨਾਲ ਸਨਮਾਨ

ਦਲ ਦੀ ਸਿਆਸਤ ਚ ਅਕਾਲੀ ਆਗੂ ਆਪਸ ਚ ਰੁਸਦੇ ਮਨਾਉਂਦੇ ਰਹੇ ਪਰ ਕਦੇ ਸਿਧਾਂਤਾਂ ਨੂੰ ਪਿੱਠ ਨਹੀਂ ਸਨ ਦਿੰਦੇ ਪ੍ਰੰਤੂ ਦੋ ਦਸੰਬਰ ਦੇ ਫ਼ੈਸਲੇ ਸਬੰਧੀ ਸਾਡੇ ਤੇ ਕਿਸੇ ਵੀ ਰਾਜਸੀ ਧਿਰ ਦਾ ਪ੍ਰੈਸ਼ਰ ਨਹੀਂ ਸੀ। ਆਉਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਲੈਕਸ਼ਨਾਂ ਚ ਕੇਵਲ ਪ੍ਰਬੰਧਕ ਨਹੀਂ ਬਦਲਣੇ, ਸਗੋਂ ਸਿਸਟਮ ਬਦਲਣਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਭਰਤੀ ਮੁਹਿੰਮ ਸ਼ੁਰੂ ਕੀਤੀ ਗਈ ਸੀ।ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ100 ਸਾਲ ਪੁਰਾਣੇ ਗੁਰਦੁਆਰਾ ਐਕਟ ਨੂੰ ਸਮੇਂ ਦੇ ਹਾਣ ਦਾ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀ ਦਮਦਮੀ ਟਕਸਾਲ ਦੇ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਆਹੁਦੇ ਤੋਂ ਹਟਾਏ ਗਏ ਜੱਥੇਦਾਰਾਂ ਦੀ ਬਹਾਲੀ ਕਰਨ ਲਈ ਮੰਗ ਪੱਤਰ ਦੇ ਕੇ 15 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਜਦ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇੱਕ ਬਿਆਨ ਜਾਰੀ ਕਰਕੇ 20 ਅਪ੍ਰੈਲ ਤੱਕ ਸਮੂਹ ਸੰਤ ਸਮਾਜ ਕੋਲੋਂ ਇਸ ਸਬੰਧੀ ਸੁਝਾਅ ਮੰਗੇ ਹਨ, ਜਿਸ ਕਰਕੇ ਸਿੱਖ ਸਮਾਜ ਅੰਦਰ ਇੱਕ ਨਵੀਂ ਦੁਵਿਧਾ ਹੋਰ ਪੈਦਾ ਹੋਈ। ਇੱਕ ਪਾਸੇ ਧਰਨੇ ਤੇ ਬੈਠੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਨੇ ਮੰਗ ਪੱਤਰ ਦੇ ਕੇ 15 ਅਪ੍ਰੈਲ ਦਾ ਸਮਾਂ ਦਿੱਤਾ ਹੈ ਤੇ ਦੂਜੇ ਪਾਸੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਉਹਨਾਂ ਪਾਸੋਂ, ਸੰਤ ਸਮਾਜ ਤੋਂ ਹੀ 20 ਅਪ੍ਰੈਲ ਤੱਕ ਸੁਝਾਅ ਮੰਗੇ ਹਨ।ਦਮਦਮੀ ਟਕਸਾਲ ਵਲੋਂ ਦਿੱਤੇ ਗਏ ਧਰਨੇ ਵਿਚ ਵੱਡੀ ਗਿਣਤੀ ਵਿਚ ਸੰਤ ਸਮਾਜ ਅਤੇ ਧਾਰਮਿਕ ਅਹੁਦੇ ਵਾਲੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਫਿਰ ਧਰਨੇ ਲਗਾਕੇ ਤੇ ਸੁਝਾਅ ਮੰਗ ਕੇ ਸੰਗਤ ਨੂੰ ਗੁੰਮਰਾਹ ਹੀ ਕੀਤਾ ਜਾ ਰਿਹਾ ਹੈ ਯਾਨੀ ਕੇ ਇਹ ਮਸਲਾ ਵੀ ਸਿਆਸਤ ਦੀ ਭੇਟ ਹੀ ਚੜ੍ਹੇਗਾ।

# ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਵੱਡੇ ਸੁਧਾਰ ਲਿਆਂਦੇ : ਮਹਿੰਦਰ ਭਗਤ

ਜਲੰਧਰ, 30 ਮਾਰਚ, (ਚ.ਨ.ਸ.) : ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਨੇ ਅੱਜ ਸਕੂਲ ਆਫ਼ ਐਮੀਨੈਂਸ ਮਕਸੂਦਾਂ ਵਿਖੇ ਮੈਗਾ ਮਾਪੇ-ਅਧਿਆਪਕ ਮਿਲਣੀ ਵਿੱਚ ਸ਼ਿਰਕਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਵੱਡੇ ਸੁਧਾਰ ਲਿਆਂਦੇ ਹਨ, ਜਿਸ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਹੋਇਆ ਹੈ।



ਇਸ ਦੌਰਾਨ ਕੈਬਨਿਟ ਮੰਤਰੀ ਵੱਲੋਂ ਸਕੂਲ ਵਿਖੇ 48 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਤਿੰਨ ਸਾਇੰਸ ਲੈਬਜ਼ ਅਤੇ 2 ਕਮਰਿਆਂ ਦਾ ਉਦਘਾਟਨ ਵੀ ਕੀਤਾ ਗਿਆ।

ਆਪਣੇ ਸੰਬੋਧਨ ਦੌਰਾਨ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਵਾਅਦੇ ਮੁਤਾਬਕ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ ਯਕੀਨੀ ਬਣਾਉਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦੀ ਆਧੁਨਿਕ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਸਦਕਾ ਲੋਕਾਂ ਦਾ ਸਰਕਾਰੀ ਸਕੂਲਾਂ ਪ੍ਰਤੀ ਰੁਝਾਨ ਵਧਣ ਕਰਕੇ ਇਨ੍ਹਾਂ ਸਕੂਲਾਂ ਵਿੱਚ ਦਾਖਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।

ਸ਼੍ਰੀ ਭਗਤ ਨੇ ਕਿਹਾ ਕਿ ਸੂਬੇ ਵਿੱਚ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਲਈ ਸਿੱਖਿਆ ਦੇ ਖੇਤਰ ਵਿੱਚ ਇਤਿਹਾਸਕ ਫ਼ੈਸਲੇ ਲਏ ਜਾ ਰਹੇ ਹਨ, ਜਿਨ੍ਹਾਂ ਵਿੱਚ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਵਿਦੇਸ਼ ਭੇਜਣ, ਸਕੂਲ ਆਫ਼ ਐਮੀਨੈਂਸ ਦੀ ਸਥਾਪਨਾ, ਵਿਦਿਆਰਥੀਆਂ ਦੀ ਸਹੂਲਤ ਲਈ ਸਕੂਲਾਂ ਵਿੱਚ ਆਧੁਨਿਕ ਸਾਜੋ-ਸਾਮਾਨ, ਸ਼ਾਨਦਾਰ ਖੇਡ ਮੈਦਾਨ, ਸਾਇੰਸ ਲੈਬਜ਼ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣਾ ਸ਼ਾਮਲ ਹੈ।

ਮਾਪੇ-ਅਧਿਆਪਕ ਮਿਲਣੀਆਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀ ਇਹ ਪਹਿਲਕਦਮੀ ਜਿਥੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ ਉਥੇ ਸਰਕਾਰੀ ਸਕੂਲਾਂ ਦੀ ਬਿਹਤਰੀ ਵਿੱਚ ਵੀ ਅਹਿਮ ਭੂਮਿਕਾ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਿਲਣੀਆਂ ਰਾਹੀਂ ਮਾਪੇ ਆਪਣੇ ਬੱਚਿਆਂ ਬਾਰੇ ਪੂਰੀ ਜਾਣਕਾਰੀ ਹਾਸਲ ਕਰਕੇ ਉਨ੍ਹਾਂ ਦੇ ਬੌਧਿਕ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਨ ਦੇ ਨਾਲ-ਨਾਲ ਆਪਣੇ ਫੀਡਬੈਕ ਰਾਹੀਂ ਸਰਕਾਰੀ ਸਕੂਲਾਂ ਨੂੰ ਹੋਰ ਬਿਹਤਰ ਕਰਨ ਵਿੱਚ ਵੀ ਯੋਗਦਾਨ ਪਾ ਸਕਦੇ ਹਨ।

ਸ਼੍ਰੀ ਭਗਤ ਨੇ ਇਸ ਮੌਕੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਹੋਰ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਆਪ ਆਗੂ ਦਿਨੇਸ਼ ਢੱਲ, ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਿੰਦਰਜੀਤ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਜੋਸ਼ੀ, ਸਕੂਲ ਦੇ ਅਧਿਆਪਕ, ਵਿਦਿਆਰਥੀਆਂ ਦੇ ਮਾਪੇ ਅਤੇ ਵਿਦਿਆਰਥੀ ਵੀ ਮੌਜੂਦ ਸਨ।

# ਯੂਟਿਊਬਰ ਦੇ ਘਰ 'ਤੇ ਹਮਲਾ: ਪੰਜਾਬ ਪੁਲਿਸ ਨੇ ਚੰਡੀਗੜ੍ਹ ਹਵਾਈ ਅੱਡੇ ਤੋਂ 7ਵੇਂ ਦੋਸ਼ੀ ਨੂੰ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ, 30 ਮਾਰਚ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਇੱਕ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਨੇ ਜਲੰਧਰ ਵਿੱਚ ਯੂਟਿਊਬਰ ਦੇ ਘਰ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਇੱਕ ਹੋਰ ਗ੍ਰਿਫ਼ਤਾਰੀ ਕੀਤੀ ਹੈ, ਜਿਸ ਨਾਲ ਇਸ ਮਾਮਲੇ ਵਿੱਚ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ ਸੱਤ ਹੋ ਗਈ ਹੈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਜਲੰਧਰ ਦਿਹਾਤੀ ਪੁਲਿਸ ਨੇ ਚੰਡੀਗੜ੍ਹ ਹਵਾਈ ਅੱਡੇ ਤੋਂ ਜਲੰਧਰ ਦੇ ਅਲੀਚੱਕ ਦੇ ਰਹਿਣ ਵਾਲੇ ਮਨਿੰਦਰ ਉਰਫ਼ ਬੌਬੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਜਾਣਕਾਰੀ ਅਨੁਸਾਰ, 15 ਅਤੇ 16 ਮਾਰਚ, 2025 ਦੀ ਦਰਮਿਆਨੀ ਰਾਤ ਨੂੰ ਕੁਝ ਵਿਅਕਤੀਆਂ ਨੇ ਯੂਟਿਊਬਰ ਅਤੇ ਸੋਸ਼ਲ ਮੀਡੀਆ ਇਨਫਲੂਐਂਸਰ ਰੋਜਰ ਸੰਧੂ ਦੇ ਪਿੰਡ ਰਾਏਪੁਰ ਰਸੂਲਪੁਰ, ਜਲੰਧਰ ਸਥਿਤ ਘਰ 'ਤੇ ਹਮਲਾ ਕੀਤਾ ਸੀ।



ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਮਨਿੰਦਰ ਨੇ ਹਥਿਆਰਾਂ ਦਾ ਪ੍ਰਬੰਧ ਕੀਤਾ ਸੀ ਅਤੇ ਉਸਨੇ ਇਹ ਹਥਿਆਰ ਦੋਸ਼ੀ ਰੋਹਿਤ ਬਸਰਾ, ਜਿਸਨੇ 8 ਮਾਰਚ ਨੂੰ ਜੰਡੂ ਸਿੰਘਾ ਵਿਖੇ ਅੰਮ੍ਰਿਤਪ੍ਰੀਤ ਅਤੇ ਧੀਰਜ ਨੂੰ ਹਥਿਆਰ ਮੁਹੱਈਆ ਕਰਵਾਏ ਸਨ, ਨੂੰ ਸੌਂਪੇ ਸਨ। ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀ ਮਨਿੰਦਰ ਵਿਰੁੱਧ ਅਸਲਾ ਐਕਟ ਤਹਿਤ ਕਈ ਮਾਮਲੇ ਦਰਜ ਹਨ।

ਡੀਜੀਪੀ ਨੇ ਦੱਸਿਆ ਕਿ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਹ ਸਫਲਤਾ ਜਲੰਧਰ ਦਿਹਾਤੀ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਸ਼ਾਮਲ ਛੇ ਮੁਲਜ਼ਮਾਂ ਜਿਨ੍ਹਾਂ ਵਿੱਚ ਅੰਮ੍ਰਿਤਪ੍ਰੀਤ ਸਿੰਘ ਉਰਫ਼ ਸੁੱਖਾ, ਹਾਰਦਿਕ ਕੰਬੋਜ, ਧੀਰਜ ਕੁਮਾਰ, ਸੰਤੋਸ਼ ਕੁਮਾਰ ਉਰਫ਼ ਪਾਂਡੇ, ਲਛਮੀ ਅਤੇ ਰੋਹਿਤ ਬਸਰਾ ਸ਼ਾਮਲ ਹਨ, ਨੂੰ ਗ੍ਰਿਫ਼ਤਾਰ ਕਰਨ ਤੋਂ ਕੁਝ ਦਿਨਾਂ ਬਾਅਦ ਪ੍ਰਾਪਤ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਹੈਂਡ ਗ੍ਰਨੇਡ, ਦੋ .32 ਬੋਰ ਦੇ ਪਿਸਤੌਲਾਂ ਸਮੇਤ ਗੋਲੀ-ਸਿੱਕਾ ਅਤੇ ਤਿੰਨ ਮੋਟਰਸਾਈਕਲ ਵੀ ਬਰਾਮਦ ਕੀਤੇ ਹਨ।

ਹੋਰ ਜਾਣਕਾਰੀ ਸਾਂਝੀ ਕਰਦਿਆਂ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਜਲੰਧਰ ਦਿਹਾਤੀ ਗੁਰਮੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਮਨਿੰਦਰ ਦੇ ਚੰਡੀਗੜ੍ਹ ਹਵਾਈ ਅੱਡੇ 'ਤੇ ਪਹੁੰਚਣ ਬਾਰੇ ਮਿਲੀ ਭਰੋਸੇਯੋਗ ਸੂਹ 'ਤੇ ਕਾਰਵਾਈ ਕਰਦਿਆਂ ਜਲੰਧਰ ਦਿਹਾਤੀ ਤੋਂ ਪੁਲਿਸ ਟੀਮਾਂ ਤੁਰੰਤ ਚੰਡੀਗੜ੍ਹ ਰਵਾਨਾ ਹੋਈਆਂ ਅਤੇ ਦੋਸ਼ੀ ਦੇ ਹਵਾਈ ਅੱਡੇ 'ਤੇ ਪਹੁੰਚਣ 'ਤੇ ਉਸਨੂੰ ਸਫ਼ਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

# ਆਈ.ਪੀ.ਐਲ. ਮੈਚ ਦੌਰਾਨ ਥੱਪੜ ਕਾਂਡ ਮਾਮਲਾ : ਕ੍ਰਿਕਟਰ ਹਰਭਜਨ ਸਿੰਘ ਨੇ ਮੰਗੀ ਸ੍ਰੀਸੰਥ ਤੋਂ ਮੁਆਫ਼ੀ

ਨਵੀਂ ਦਿੱਲੀ, 30 ਮਾਰਚ, (ਚ.ਨ.ਸ.) : ਜਦੋਂ ਵੀ ਭਾਰਤੀ ਕ੍ਰਿਕਟ ਅਤੇ ਆਈ.ਪੀ.ਐਲ. ਦੇ ਇਤਿਹਾਸ ਵਿੱਚ ਸਭ ਤੋਂ ਵੱਧ ਚਰਚਿਤ ਵਿਵਾਦਾਂ ਦੀ ਗੱਲ ਹੁੰਦੀ ਹੈ, ਤਾਂ ਥੱਪੜ ਦੀ ਘਟਨਾ ਸਭ ਤੋਂ ਪਹਿਲਾਂ ਯਾਦ ਆਉਂਦੀ ਹੈ। ਇਹ ਵਿਵਾਦ ਹਰਭਜਨ ਸਿੰਘ ਅਤੇ ਸ੍ਰੀਸੰਥ ਵਿਚਕਾਰ ਹੈ। ਇਹ ਵਿਵਾਦ ਆਈ.ਪੀ.ਐਲ. ਦੇ ਪਹਿਲੇ ਸੀਜ਼ਨ ਵਿੱਚ ਉਨ੍ਹਾਂ ਅਤੇ ਸ੍ਰੀਸੰਥ ਵਿਚਕਾਰ ਹੋਇਆ ਸੀ। ਅੱਜ ਵੀ, 17 ਸਾਲਾਂ ਬਾਅਦ, ਥੱਪੜ ਦੀ ਘਟਨਾ ਦਾ ਭੂਤ ਭੱਜੀ ਨੂੰ ਸਤਾਉਂਦਾ ਹੈ। ਉਸ ਨੇ ਐਤਵਾਰ ਨੂੰ ਇਸ ਲਈ ਮੁਆਫ਼ੀ ਵੀ ਮੰਗੀ। ਹਰਭਜਨ ਸਿੰਘ ਅਤੇ ਸ੍ਰੀਸੰਥ ਦੋਵਾਂ ਵਿਚਕਾਰ ਥੱਪੜ ਮਾਰਨ ਦੀ ਘਟਨਾ ਸੋਸ਼ਲ ਮੀਡੀਆ 'ਤੇ ਸਮੇਂ-ਸਮੇਂ ਤੇ ਟ੍ਰੈਂਡ ਕਰਨ ਲੱਗਦੀ ਹੈ। ਐਤਵਾਰ ਨੂੰ ਇੱਕ ਯੂਜ਼ਰ ਨੇ ਐਕਸ ਪਲੇਟਫਾਰਮ 'ਤੇ ਇਸ ਨਾਲ ਸਬੰਧਤ ਇੱਕ ਵੀਡੀਓ ਸਾਂਝਾ ਕੀਤਾ ਅਤੇ ਪੁੱਛਿਆ ਕਿ ਭੱਜੀ ਸਰ ਇਸ ਬਾਰੇ ਕੀ ਕਹਿਣਗੇ। ਇਸ ਦਾ ਜਵਾਬ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੇ ਵੀ ਦਿੱਤਾ। ਉਸ ਨੇ ਲਿਖਿਆ,ਭਰਾ, ਇਹ ਸਹੀ ਨਹੀਂ ਸੀ। ਇਹ ਮੇਰੀ ਗ਼ਲਤੀ ਸੀ। ਇਹ ਨਹੀਂ ਹੋਣਾ ਚਾਹੀਦਾ ਸੀ ਪਰ ਇੱਕ ਗ਼ਲਤੀ ਹੋ ਗਈ। ਮੈਂ ਇੱਕ ਇਨਸਾਨ ਹਾਂ।ਰੱਬ ਨਹੀਂ। ਭੱਜੀ ਨੇ ਆਪਣੇ ਜਵਾਬ ਦੇ ਨਾਲ ਹੱਥ ਜੋੜ ਕੇ ਇਮੋਜੀ ਪੋਸਟ ਕਰਕੇ ਮੁਆਫ਼ੀ ਮੰਗੀ ਹੈ।



ਤੁਹਾਨੂੰ ਦੱਸ ਦੇਈਏ ਕਿ ਆਈ.ਪੀ.ਐਲ. ਦੇ ਪਹਿਲੇ ਸੀਜ਼ਨ ਵਿੱਚ, ਮੁੰਬਈ ਇੰਡੀਅਨਜ਼ ਅਤੇ ਕਿੰਗਜ਼ ਇਲੈਵਨ ਪੰਜਾਬ ਵਿਚਕਾਰ ਮੈਚ 25 ਅਪ੍ਰੈਲ, 2008 ਨੂੰ ਖੇਡਿਆ ਗਿਆ ਸੀ। ਇਹ ਮੈਚ ਮੋਹਾਲੀ 'ਚ ਖੇਡਿਆ ਗਿਆ ਸੀ। ਮੈਚ ਤੋਂ ਬਾਅਦ, ਪੁਰਸਕਾਰ ਸਮਾਰੋਹ ਦੌਰਾਨ, ਹਰਭਜਨ ਸਿੰਘ ਨੇ ਮੈਦਾਨ 'ਤੇ ਸਾਰਿਆਂ ਦੇ ਸਾਹਮਣੇ ਸ੍ਰੀਸੰਥ ਨੂੰ ਥੱਪੜ ਮਾਰ ਦਿੱਤਾ। ਹਰਭਜਨ ਸਿੰਘ ਅਤੇ ਸ੍ਰੀਸੰਥ ਵਿਚਕਾਰ ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਕਿੰਗਜ਼ ਇਲੈਵਨ ਪੰਜਾਬ ਨੇ ਮੁੰਬਈ ਇੰਡੀਅਨਜ਼ ਨੂੰ 66 ਦੌੜਾਂ ਨਾਲ ਹਰਾਇਆ। ਮੈਚ ਤੋਂ ਬਾਅਦ, ਦੋਵਾਂ ਟੀਮਾਂ ਦੇ ਖਿਡਾਰੀ ਇੱਕ ਦੂਜੇ ਨਾਲ ਹੱਥ ਮਿਲਾਉਂਦੇ ਹੋਏ ਨਜ਼ਰ ਆਏ। ਫਿਰ ਸ਼੍ਰੀਸੰਥ ਨੇ ਹਰਭਜਨ ਨੂੰ ਕੁਝ ਕਿਹਾ। ਇਸ ਤੋਂ ਗੁੱਸੇ ਵਿੱਚ ਆ ਕੇ ਹਰਭਜਨ ਨੇ ਉਸ ਨੂੰ ਥੱਪੜ ਮਾਰ ਦਿੱਤਾ। ਇਸ ਘਟਨਾ ਤੋਂ ਬਾਅਦ, ਸ਼੍ਰੀਸੰਥ ਨੂੰ ਬਹੁਤ ਰੋਂਦੇ ਹੋਏ ਦੇਖਿਆ ਗਿਆ,ਜਿਸ ਦੀ ਵੀਡੀਓ ਵਾਇਰਲ ਹੋ ਗਈ। ਬੀ.ਸੀ.ਸੀ.ਆਈ. ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਤੁਰੰਤ ਕਾਰਵਾਈ ਕੀਤੀ। ਮਾਮਲੇ ਦੀ ਜਾਂਚ ਕਰਨ ਤੋਂ ਬਾਅਦ, ਬੋਰਡ ਨੇ ਹਰਭਜਨ ਸਿੰਘ ਨੂੰ ਦੋਸ਼ੀ ਪਾਇਆ ਅਤੇ ਉਸ ਨੂੰ ਆਈ.ਪੀ.ਐਲ.-2008 ਦੇ ਬਾਕੀ 11 ਮੈਚਾਂ ਲਈ ਮੁਅੱਤਲ ਕਰ ਦਿੱਤਾ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਮੈਗਾ ਪੀ.ਟੀ.ਐਮ. ਦੌਰਾਨ ਵਿਧਾਇਕਾਂ ਵੱਲੋਂ 100 ਤੋਂ ਵੱਧ ਸਰਕਾਰੀ ਸਕੂਲਾਂ ਦਾ ਦੌਰਾ

## ਮਾਪੇ-ਅਧਿਆਪਕ ਮਿਲਣੀ ਨੇ ਲਿਖਿਆ ਸਫਲਤਾ ਦਾ ਨਵਾਂ ਅਧਿਆਏ; 20 ਲੱਖ ਤੋਂ ਵੱਧ ਮਾਪੇ ਹੋਏ ਸ਼ਾਮਲ : ਬੈਂਸ



**ਚੰਡੀਗੜ੍ਹ, 30 ਮਾਰਚ, (ਚ.ਨ.ਸ.)** : ਸੂਬੇ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਰਵਾਈ ਗਈ ਮੈਗਾ ਮਾਪੇ-ਅਧਿਆਪਕ ਮਿਲਣੀ (ਪੀ.ਟੀ.ਐਮ.) ਵਿੱਚ ਸੂਬੇ ਭਰ ਤੋਂ 20.13 ਲੱਖ ਤੋਂ ਵੱਧ ਮਾਪਿਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਨੇ ਇਸ ਪਹਿਲਕਦਮੀ ਨੂੰ ਵਿਦਿਆਰਥੀਆਂ ਦੀ ਵਿੱਦਿਅਕ ਉੱਤਮਤਾ ਨੂੰ ਹੋਰ ਬਿਹਤਰ ਕਰਨ ਲਈ ਸਕੂਲਾਂ ਅਤੇ ਬੱਚਿਆਂ ਦੇ ਪਰਿਵਾਰਾਂ ਦਰਮਿਆਨ ਮਜ਼ਬੂਤ ਸਬੰਧਾਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਵੱਡਾ ਕਦਮ ਦੱਸਿਆ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੈਗਾ ਪੀ.ਟੀ.ਐਮ. ਦੀ ਵੱਡੀ ਸਫ਼ਲਤਾ, ਵਿਦਿਆਰਥੀਆਂ ਵਾਸਤੇ ਸਿੱਖਣ ਲਈ ਸਹਿਯੋਗੀ ਅਤੇ ਉਸਾਰੂ ਮਾਹੌਲ ਸਿਰਜਣ ਪ੍ਰਤੀ ਪੰਜਾਬ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦਾ ਪ੍ਰਮਾਣ ਹੈ।

ਉਨ੍ਹਾਂ ਨੇ ਮੈਗਾ ਪੀ.ਟੀ.ਐਮ. ਵਿੱਚ ਸਾਰਿਆਂ ਦੀ ਵੱਡੇ ਪੱਧਰ 'ਤੇ ਸ਼ਮੂਲੀਅਤ ਬਾਰੇ ਗੱਲ ਕਰਦਿਆਂ ਦੱਸਿਆ ਕਿ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ 100 ਤੋਂ ਵੱਧ ਸਕੂਲਾਂ ਦਾ ਦੌਰਾ ਕੀਤਾ, ਜਦੋਂ ਕਿ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ 5,849 ਸਕੂਲਾਂ ਦਾ ਦੌਰਾ ਕੀਤਾ ਅਤੇ 1.23 ਲੱਖ ਤੋਂ ਵੱਧ ਮਾਪਿਆਂ ਨੇ ਫੀਡਬੈਕ ਫਾਰਮ ਭਰਿਆ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਨਿਯਮਤ ਫੀਡਬੈਕ ਲੈ ਕੇ ਸੂਬੇ ਭਰ ਵਿੱਚ ਵਿੱਦਿਅਕ ਮਿਆਰਾਂ ਨੂੰ ਹੋਰ ਸੁਧਾਰਨ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਸਿੱਖਿਆ ਮੰਤਰੀ ਬੈਂਸ ਨੇ ਇਸ ਪਹਿਲਕਦਮੀ ਦੇ ਲੰਬੇ ਸਮੇਂ ਦੇ ਲਾਭਾਂ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਮਿਲਣੀ ਮਾਪਿਆਂ ਅਤੇ ਸਕੂਲ ਅਧਿਆਪਕਾਂ ਦਰਮਿਆਨ ਆਪਸੀ ਸੰਵਾਦ ਦੇ ਪਾੜੇ ਨੂੰ ਪੂਰ ਕੇ ਪੜ੍ਹਾਈ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਪ੍ਰਤੀ ਹੋਰ ਬਿਹਤਰ ਸਮਝ ਅਤੇ ਵੱਖ-ਵੱਖ ਮੁੱਦਿਆਂ ਦੇ ਮੌਕੇ 'ਤੇ ਹੀ ਹੱਲ ਲਈ ਵਧੇਰੇ ਮੱਦਦਗਾਰ ਸਿੱਧ ਹੋਵੇਗੀ। ਉਨ੍ਹਾਂ ਨੇ ਮੈਗਾ ਪੀ.ਟੀ.ਐਮ. ਕਰਕੇ ਸਿੱਖਿਆ ਪ੍ਰਣਾਲੀ ਵਿੱਚ ਆਈ ਪਾਰਦਰਸ਼ਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਨਾਲ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਸਬੰਧਾਂ ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਮਾਪੇ-ਅਧਿਆਪਕ ਮਿਲਣੀਆਂ, ਮਾਪਿਆਂ ਨੂੰ ਪੜ੍ਹਾਈ ਵਿੱਚ ਆਪਣੇ ਬੱਚਿਆਂ ਦੀ ਪ੍ਰਗਤੀ ਦੀ ਨਿਯਮਤ ਸਮੀਖਿਆ ਵਿੱਚ ਸਹਾਈ ਹੋਣ ਦੇ ਨਾਲ-ਨਾਲ ਅਧਿਆਪਕਾਂ ਨੂੰ ਮਾਰਗਦਰਸ਼ਨ ਅਤੇ ਫੀਡਬੈਕ ਦੇਣ ਲਈ ਇੱਕ ਢੁਕਵਾਂ ਪਲੇਟਫਾਰਮ ਵੀ ਪ੍ਰਦਾਨ ਕਰਦੀਆਂ ਹਨ। ਇਹ ਮਿਲਣੀਆਂ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਉਣ ਅਤੇ ਸਕੂਲ ਅਧਿਕਾਰੀਆਂ ਨੂੰ ਸੁਧਾਰ ਦੇ ਖੇਤਰਾਂ ਦੀ ਪਛਾਣ ਕਰਨ ਦੀ ਆਗਿਆ ਦਿੰਦਿਆਂ ਹਨ। ਮੌਜੂਦਾ ਅਕਾਦਮਿਕ ਸੈਸ਼ਨ ਦੀ ਇਸ ਆਖਰੀ ਮੈਗਾ ਪੀ.ਟੀ.ਐਮ. ਨੂੰ ਸਕੂਲ ਸਿੱਖਿਆ ਵਿਭਾਗ ਲਈ ਇੱਕ ਇਤਿਹਾਸਕ ਦਿਨ ਦੱਸਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, ਕਿ ਉਨ੍ਹਾਂ ਨੇ ਮੋਹਾਲੀ ਤੋਂ ਨੰਗਲ ਤੱਕ ਵੱਖ-ਵੱਖ ਸਕੂਲਾਂ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਮਿਲਣੀ ਵਿੱਚ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਵੱਡੇ ਪੱਧਰ 'ਤੇ ਸ਼ਮੂਲੀਅਤ ਅਤੇ ਉਨ੍ਹਾਂ ਦੇ ਉਤਸ਼ਾਹ ਨੂੰ ਦੇਖਿਆ। ਉਨ੍ਹਾਂ ਨੇ ਸਿੱਖਿਆ ਦੀ ਇਸ ਲਹਿਰ ਦੀ ਸ਼ਲਾਘਾ ਕੀਤੀ।

ਸਿੱਖਿਆ ਮੰਤਰੀ ਨੇ ਇਸ ਸਿੱਖਿਆ ਉਤਸਵ ਵਿੱਚ ਪੂਰੇ ਤਨੋਂ-ਮਨੋਂ ਹਿੱਸਾ ਲੈਣ ਲਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ 'ਆਪ' ਪੰਜਾਬ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ, ਜਿਨ੍ਹਾਂ ਨੇ ਸਕੂਲ ਆਫ਼ ਐਮੀਨੈਂਸ ਧੂਰੀ ਦਾ ਦੌਰਾ ਕੀਤਾ, ਅਤੇ ਉਨ੍ਹਾਂ ਦੇ ਸਮੂਹ ਕੈਬਨਿਟ ਸਾਥੀਆਂ ਅਤੇ ਵਿਧਾਇਕਾਂ, ਸਥਾਨਕ ਨੁਮਾਇੰਦਿਆਂ ਅਤੇ ਵਿਭਾਗ ਦੇ ਅਧਿਕਾਰੀਆਂ ਦਾ ਧੰਨਵਾਦ।

# 'ਯੁੱਧ ਨਸ਼ਿਆਂ ਵਿਰੁੱਧ' : ਪੰਜਾਬ ਪੁਲਿਸ ਵੱਲੋਂ 72 ਨਸ਼ਾ ਤਸਕਰ ਕਾਬੂ, 8.8 ਕਿੱਲੋਗ੍ਰਾਮ ਹੈਰੋਇਨ, 99 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 30 ਮਾਰਚ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਨੂੰ 30ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 72 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 8.8 ਕਿੱਲੋ ਹੈਰੋਇਨ, 500 ਕਿੱਲੋ ਗਾਂਜਾ ਅਤੇ 99410 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 30 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 4614 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ 82 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਵੱਲੋਂ ਸੂਬਾ ਭਰ ਵਿੱਚ 391 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਜਿਸਦੇ ਚਲਦਿਆਂ ਸੂਬੇ ਭਰ ਵਿੱਚ 49 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 435 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਵੱਲੋਂ ਇਸ ਰਣਨੀਤੀ ਦੇ 'ਡੀ-ਅਡਿਕਸ਼ਨ' ਹਿੱਸੇ ਵਜੋਂ 5 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਪ੍ਰੇਰਿਆ ਗਿਆ ਹੈ।

# ਧਾਲੀਵਾਲ ਵੱਲੋਂ ਸੀਵਰੇਜ ਪ੍ਰਾਜੈਕਟ ਦਾ ਉਦਘਾਟਨ



ਚੰਡੀਗੜ੍ਹ, 30 ਮਾਰਚ, (ਚ.ਨ.ਸ.) : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਪਿੰਡ ਸੱਕੀਆਂਵਾਲੀ ਵਿੱਚ ਸੀਵਰੇਜ ਪ੍ਰਾਜੈਕਟ ਦਾ ਉਦਘਾਟਨ ਕੀਤਾ ਗਿਆ, ਜੋ ਅਜਨਾਲਾ ਹਲਕੇ ਦੇ ਵਿਕਾਸ ਵਿੱਚ ਇੱਕ ਵੱਡਾ ਮਹੱਤਵਪੂਰਨ ਮੀਲ ਪੱਥਰ ਹੈ। ਇਹ ਪ੍ਰਾਜੈਕਟ, ਜੋ ਪਿਛਲੀਆਂ ਸਰਕਾਰਾਂ ਨੇ ਰੋਕਿਆ ਹੋਇਆ ਸੀ, ਧਾਲੀਵਾਲ ਦੇ ਠੋਸ ਯਤਨਾਂ ਸਦਕਾ ਹੁਣ ਨੇਪਰੇ ਚੜ੍ਹਨ ਜਾ ਰਿਹਾ ਹੈ।

ਉਦਘਾਟਨ ਮੌਕੇ ਬੋਲਦਿਆਂ ਧਾਲੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਮਾਲੀਏ ਦਾ ਇੱਕ-ਇੱਕ ਪੈਸਾ ਪੰਜਾਬ ਦੇ ਲੋਕਾਂ ਲਈ ਖਰਚ ਕਰਨ ਵਾਸਤੇ ਵਚਨਬੱਧ ਹੈ। ਉਨ੍ਹਾਂ ਨੇ ਕਦੇ ਪਛੜੇ ਮੰਨੇ ਜਾਂਦੇ ਪਿੰਡਾਂ ਨੂੰ ਜ਼ਰੂਰੀ ਸਹੂਲਤਾਂ, ਜਿਵੇਂ ਕਿ ਸੀਵਰੇਜ ਸਹੂਲਤਾਂ ਪ੍ਰਦਾਨ ਕਰਨ 'ਤੇ ਸਰਕਾਰ ਦੇ ਯਤਨਾਂ ਨੂੰ ਉਜਾਗਰ ਕੀਤਾ।

ਧਾਲੀਵਾਲ ਨੇ ਇਹ ਵੀ ਦੱਸਿਆ ਕਿ ਪਿੰਡ ਸੱਕੀਆਂਵਾਲੀ ਲੰਬੇ ਸਮੇਂ ਤੋਂ ਪਾਣੀ ਭਰਨ ਦੀ ਸਮੱਸਿਆ ਨਾਲ ਜੂਝ ਰਿਹਾ ਸੀ, ਜਿੱਥੇ ਪਾਣੀ ਅਕਸਰ ਘਰਾਂ ਵਿੱਚ ਦਾਖਲ ਹੋ ਜਾਂਦਾ ਸੀ। ਉਨ੍ਹਾਂ ਨੇ ਇਸ ਮੁੱਦੇ ਦੇ ਹੱਲ ਸਬੰਧੀ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਨ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਕੈਬਨਿਟ ਮੰਤਰੀ ਨੇ ਥਾਪਰ ਮਾਡਲ ਅਨੁਸਾਰ ਪਿੰਡ ਦੇ ਬੁਨਿਆਦੀ ਢਾਂਚੇ, ਜਿਸ ਵਿੱਚ ਨਾਲੀਆਂ, ਛੱਪੜ ਅਤੇ ਖੇਡ ਮੈਦਾਨ ਸ਼ਾਮਲ ਹਨ, ਦੇ ਵਿਕਾਸ ਸਬੰਧੀ ਸਰਕਾਰ ਦੀਆਂ ਯੋਜਨਾਵਾਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਪਹਿਲਕਦਮੀਆਂ, ਜਿਨ੍ਹਾਂ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ ਹੈ, ਸਰਕਾਰ ਵੱਲੋਂ ਢੁੱਕਵੀਂ ਬਜਟ ਅਲਾਟਮੈਂਟ ਕਰਕੇ ਸੰਭਵ ਹੋਈਆਂ ਹਨ।

# ਪ੍ਰੋਗਰਾਮ 'ਆਰੰਭ' : ਬੱਚਿਆਂ ਦੀ ਸਿੱਖਣ ਯਾਤਰਾ ਵਿੱਚ ਮਾਪਿਆਂ ਨੂੰ ਸ਼ਾਮਲ ਕਰਨ ਲਈ ਇੱਕ ਵਿਲੱਖਣ ਪਹਿਲਕਦਮੀ : ਡਾ. ਬਲਜੀਤ ਕੌਰ



**ਚੰਡੀਗੜ੍ਹ, 30 ਮਾਰਚ, (ਚ.ਨ.ਸ.)** : ਪੰਜਾਬ ਸਰਕਾਰ ਵੱਲੋਂ 'ਆਰੰਭ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜੋ ਕਿ ਇੱਕ ਨਵੀਨਤਮ ਪਹਿਲਕਦਮੀ ਹੈ, ਜਿਸਦਾ ਉਦੇਸ਼ ਮਾਪਿਆਂ ਨੂੰ ਸਰਲ, ਖੇਡ-ਅਧਾਰਤ ਗਤੀਵਿਧੀਆਂ ਰਾਹੀਂ ਆਪਣੇ ਬੱਚਿਆਂ ਦੀ ਸਿੱਖਣ ਯਾਤਰਾ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਾ ਹੈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਪ੍ਰੋਗਰਾਮ ਬੱਚਿਆਂ ਦੀ ਬੁਨਿਆਦੀ ਸਿੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ, 'ਆਰੰਭ' ਪ੍ਰੋਗਰਾਮ ਅੱਠ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਜਾਵੇਗਾ: ਲੁਧਿਆਣਾ, ਐਸ ਏ ਐਸ ਨਗਰ, ਪਟਿਆਲਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ, ਤਰਨਤਾਰਨ, ਰੋਪੜ ਅਤੇ ਅੰਮ੍ਰਿਤਸਰ। ਇਹ ਪ੍ਰੋਗਰਾਮ ਜਲਦ ਸ਼ੁਰੂ ਹੋਣ ਦੀ ਉਮੀਦ ਹੈ ਅਤੇ ਭਵਿੱਖ ਵਿੱਚ ਰਾਜ ਭਰ ਵਿੱਚ ਵਿਸਥਾਰ ਲਈ ਇੱਕ ਮਾਡਲ ਵਜੋਂ ਕੰਮ ਕਰੇਗਾ।

ਮੰਤਰੀ ਨੇ ਹੋਰ ਵਿਆਖਿਆ ਕਰਦਿਆਂ ਕਿਹਾ ਕਿ 'ਆਰੰਭ' ਪ੍ਰੋਗਰਾਮ ਮਾਪਿਆਂ ਅਤੇ ਬੱਚਿਆਂ ਲਈ ਦਿਲਚਸਪ ਅਤੇ ਇੰਟਰਐਕਟਿਵ ਸਿੱਖਣ ਗਤੀਵਿਧੀਆਂ ਰਾਹੀਂ ਇੱਕ ਅਜਿਹਾ ਸਹਾਇਕ ਵਾਤਾਵਰਣ ਬਣਾਏਗਾ, ਜੋ ਬੱਚਿਆਂ ਦੇ ਬੌਧਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਪੰਜਾਬ ਸਰਕਾਰ ਦੀ ਬੁਨਿਆਦੀ ਸਿੱਖਿਆ ਨੂੰ ਮਜ਼ਬੂਤ ਬਣਾਉਣ ਅਤੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਅਕਾਦਮਿਕ ਤਰੱਕੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ 'ਆਰੰਭ' ਪ੍ਰੋਗਰਾਮ ਦੇ ਲਾਗੂ ਕਰਨ ਸੰਬੰਧੀ ਹੋਰ ਵੇਰਵੇ ਆਉਣ ਵਾਲੇ ਮਹੀਨਿਆਂ ਵਿੱਚ ਜਨਤਕ ਕੀਤੇ ਜਾਣਗੇ। ਉਨ੍ਹਾਂ ਪੰਜਾਬ ਦੇ ਮਾਪਿਆਂ ਅਤੇ ਸਿੱਖਿਅਕਾਂ ਨੂੰ ਸ਼ੁਰੂਆਤੀ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਆਨੰਦਦਾਇਕ ਬਣਾਉਣ ਲਈ ਇਸ ਪਹਿਲਕਦਮੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ।

ਮੰਤਰੀ ਨੇ ਅੰਤ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਉਪਰਾਲਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀਆਂ ਅਜਿਹੀਆਂ ਯੋਜਨਾਵਾਂ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਯੋਗਦਾਨ ਪਾਉਣਗੀਆਂ।

# ਅਮਨ ਅਰੋੜਾ ਦੀ ਮੌਜੂਦਗੀ ਵਿੱਚ ਨਗਰ ਪੰਚਾਇਤ ਭੁਲਥ ਦੇ ਪ੍ਰਧਾਨ ਨੇ ਸੰਭਾਲਿਆ ਅਹੁਦਾ



ਚੰਡੀਗੜ੍ਹ, 30 ਮਾਰਚ, (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਮੌਜੂਦਗੀ ਵਿੱਚ ਅੱਜ ਇਥੇ ਨਗਰ ਪੰਚਾਇਤ ਭੁਲਥ ਦੇ ਨਵੇਂ ਬਣੇ ਪ੍ਰਧਾਨ ਰਸ਼ਪਾਲ ਸ਼ਰਮਾ ਨੇ ਆਪਣਾ ਅਹੁਦਾ ਸੰਭਾਲਿਆ। ਇਸ ਮੌਕੇ ਪ੍ਰਧਾਨ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਮੁਬਾਰਕਬਾਦ 'ਤੇ ਸ਼ੁਭਕਾਮਨਾਵਾਂ ਭੇਟ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਭੁਲਥ ਦੇ ਵਿਕਾਸ ਕਾਰਜਾਂ ਲਈ ਸਰਕਾਰ ਵੱਲੋਂ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਅਰੋੜਾ ਨੇ ਕਿਹਾ ਕਿ ਹਾਲ ਹੀ ਵਿੱਚ ਆਪ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਤਹਿਤ ਪੂਰੇ ਪੰਜਾਬ ਦੇ ਨਾਲ ਨਾਲ ਭੁਲਥ ਵਿੱਚ ਵੀ ਵੱਡੇ ਪਧਰ 'ਤੇ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਗਰ ਪੰਚਾਇਤ ਦੀ ਨਵੀਂ ਬਣੀ ਸਮੁੱਚੀ ਟੀਮ ਤੋਂ ਬਹੁਤ ਆਸਾਂ ਹਨ ਅਤੇ ਉਹ ਖੁਦ ਵੀ ਇਹ ਚਾਹੁੰਦੇ ਹਨ ਕਿ ਸਾਰੀ ਟੀਮ ਪੂਰੀ ਤਨਦੇਹੀ ਨਾਲ ਹਰ ਇੱਕ ਵਾਰਡ ਦੀ ਨੁਹਾਰ ਨੂੰ ਸੰਵਾਰਨ ਵਿੱਚ ਅਹਿਮ ਯੋਗਦਾਨ ਪਾਵੇ। ਅਹੁਦਾ ਸੰਭਾਲਣ ਤੋਂ ਬਾਅਦ ਪ੍ਰਧਾਨ ਰਸ਼ਪਾਲ ਸ਼ਰਮਾ ਨੇ ਵਾਅਦਾ ਕੀਤਾ ਕਿ ਉਹ ਪੂਰੀ ਇਮਾਨਦਾਰੀ ਨਾਲ ਭੁਲਥ ਦੇ ਵਿਕਾਸ ਕਾਰਜ ਕਰਨਗੇ।

# ਕੈਬਨਿਟ ਮੰਤਰੀ ਨੇ ਹੁਸ਼ਿਆਰਪੁਰ ਵਿਖੇ ਅਰੋੜਾ ਭਾਈਚਾਰੇ ਦੇ 'ਪਰਿਵਾਰ ਮਿਲਣੀ' ਪ੍ਰੋਗਰਾਮ ਨੂੰ ਕੀਤਾ ਸੰਬੋਧਨ

## ਸਾਡੀ ਏਕਤਾ ਹੀ ਸਾਡੀ ਤਾਕਤ : ਅਮਨ ਅਰੋੜਾ



ਚੰਡੀਗੜ੍ਹ, 30 ਮਾਰਚ, (ਅੰਮ੍ਰਿਤਪਾਲ ਸਿੰਘ) : ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਹੁਸ਼ਿਆਰਪੁਰ ਵਿੱਚ ਅਰੋੜਾ ਭਾਈਚਾਰੇ ਵੱਲੋਂ ਆਯੋਜਿਤ 'ਪਰਿਵਾਰ ਮਿਲਣੀ' ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਏਕਤਾ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਅਮਨ ਅਰੋੜਾ ਨੇ ਕਿਹਾ, ਕੋਈ ਵੀ ਭਾਈਚਾਰਾ ਜੋ ਇੱਕਜੁੱਟ ਰਹਿੰਦਾ ਹੈ, ਉਹ ਮਜ਼ਬੂਤ ਹੁੰਦਾ ਹੈ।

ਸਮਾਜ ਵਿੱਚ ਅਰੋੜਾ ਭਾਈਚਾਰੇ ਦੇ ਯੋਗਦਾਨ ਨੂੰ ਸਵੀਕਾਰ ਕਰਦੇ ਹੋਏ, ਉਨ੍ਹਾਂ ਕਿਹਾ, ਅਰੋੜਾ ਭਾਈਚਾਰਾ ਹਮੇਸ਼ਾ ਤਰੱਕੀ ਅਤੇ ਸੇਵਾ ਲਈ ਖੜ੍ਹਾ ਰਿਹਾ ਹੈ। ਇਹ ਇੱਕ ਅਜਿਹਾ ਭਾਈਚਾਰਾ ਹੈ, ਜਿਸਨੇ ਸਮਾਜ ਨੂੰ ਨਿਰਸਵਾਰਥ ਵਾਪਸ ਦਿੱਤਾ ਹੈ। ਉਨ੍ਹਾਂ ਆਪਣੀ ਨਿੱਜੀ ਅਤੇ ਪੇਸ਼ੇਵਰ ਸਫਲਤਾ ਦਾ ਸਿਹਰਾ ਆਪਣੇ ਭਾਈਚਾਰੇ ਦੇ ਅਟੁੱਟ ਸਮਰਥਨ ਨੂੰ ਦਿੰਦੇ ਹੋਏ ਕਿਹਾ, ਮੈਂ ਆਪਣੀਆਂ ਪ੍ਰਾਪਤੀਆਂ ਆਪਣੇ ਭਾਈਚਾਰੇ ਅਤੇ ਆਪਣੇ ਭਰਾਵਾਂ ਨੂੰ ਦਿੰਦਾ ਹਾਂ ਜੋ ਹਮੇਸ਼ਾ ਮੇਰੇ ਨਾਲ ਖੜ੍ਹੇ ਰਹੇ ਹਨ।

ਆਪਣੇ ਸੰਬੋਧਨ ਦੌਰਾਨ, ਅਮਨ ਅਰੋੜਾ ਨੇ ਇਸ ਭਾਈਚਾਰੇ ਦੀਆਂ ਮੁੱਖ ਮੰਗਾਂ ਨੂੰ ਪੂਰਾ ਕਰਨ ਲਈ ਕੰਮ ਕਰਨ ਦਾ ਵਾਅਦਾ ਕੀਤਾ, ਜਿਸ ਵਿੱਚ ਪਠਾਨਕੋਟ ਵਿੱਚ ਜ਼ਮੀਨ ਅਤੇ ਅਰੋੜਾ-ਖੱਤਰੀ ਬੋਰਡ ਦੀ ਸਥਾਪਨਾ ਸ਼ਾਮਲ ਹੈ।

ਇਸ ਸਮਾਗਮ ਵਿੱਚ ਅਰੋੜਾ ਭਾਈਚਾਰੇ ਦੇ ਕਈ ਪ੍ਰਮੁੱਖ ਰਾਜਨੀਤਿਕ ਨੇਤਾਵਾਂ ਅਤੇ ਸਮਾਜਿਕ ਸ਼ਖਸੀਅਤਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਸਮੂਹ ਦੀ ਸਮੂਹਿਕ ਤਾਕਤ ਅਤੇ ਏਕਤਾ ਨੂੰ ਦਰਸਾਉਂਦੀ ਹੈ।

ਅਮਨ ਅਰੋੜਾ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਪ੍ਰਤੀ ਆਪਣੇ ਸਮਰਪਣ ਨੂੰ ਦੁਹਰਾਇਆ ਅਤੇ ਰਾਜ ਦੀ ਤਰੱਕੀ ਨੂੰ ਅੱਗੇ ਵਧਾਉਣ ਵਿੱਚ ਅਰੋੜਾ ਵਰਗੇ ਭਾਈਚਾਰਿਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਇਕੱਠੇ ਮਿਲ ਕੇ, ਅਸੀਂ ਸਾਰਿਆਂ ਲਈ ਇੱਕ ਉੱਜਵਲ ਭਵਿੱਖ ਯਕੀਨੀ ਬਣਾ ਸਕਦੇ ਹਾਂ।

# ਪੀ.ਐਸ.ਐਫ.ਸੀ. ਦੇ ਚੇਅਰਮੈਨ ਅਤੇ ਮਾਹਿਰਾਂ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਸਬੰਧੀ ਰਣਨੀਤੀਆਂ 'ਤੇ ਚਰਚਾ



ਚੰਡੀਗੜ੍ਹ, 30 ਮਾਰਚ, (ਚ.ਨ.ਸ.) : ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਦੀ ਗੰਭੀਰ ਚੁਣੌਤੀ ਦੇ ਹੱਲ ਲਈ ਮਹੱਤਵਪੂਰਨ ਪਹਿਲਕਦਮੀ ਤਹਿਤ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰੈਜ਼ਨੋ ਦੀ ਇੱਕ ਟੀਮ ਨੇ ਇਸ ਸਮੱਸਿਆ ਵਾਸਤੇ ਕੋਈ ਟਿਕਾਊ ਹੱਲ ਕੱਢਣ ਲਈ ਪੰਜਾਬ ਦੇ ਖੇਤੀਬਾੜੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਡਾ. ਸ਼ੈਰਨ ਐਲਿਜ਼ਾਬੈਥ ਬੇਨਸ ਅਤੇ ਡਾ. ਗੁਰਰੀਤ ਸਿੰਘ ਬਰਾੜ ਦੀ ਅਗਵਾਈ ਵਾਲੇ ਹਾਈ-ਪ੍ਰੋਫਾਈਲ ਵਫ਼ਦ ਨੇ ਛੇ ਅੰਡਰਗ੍ਰੈਜੂਏਟ ਅਤੇ ਮਾਸਟਰਜ਼ ਦੇ ਵਿਦਿਆਰਥੀਆਂ ਨਾਲ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ (ਪੀ.ਐਸ.ਐਫ.ਸੀ.) ਨਾਲ ਰਣਨੀਤਕ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ ਅਤੇ ਇਸ ਚੁਣੌਤੀ ਦੇ ਹੱਲ ਲਈ ਤੁਰੰਤ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ।

ਇਹ ਧਿਆਨ ਵਿੱਚ ਰੱਖਦਿਆਂ ਕਿ ਪੰਜਾਬ ਅਤੇ ਕੈਲੀਫੋਰਨੀਆ ਦੋਵੇਂ ਪਾਣੀ ਦੀ ਕਮੀ ਨਾਲ ਜੂਝ ਰਹੇ ਹਨ, ਜਿਸ ਨਾਲ ਖੇਤੀਬਾੜੀ ਅਤੇ ਪਸ਼ੂਧਨ ਸਬੰਧੀ ਆਰਥਿਕਤਾ ਨੂੰ ਚੁਣੌਤੀਆਂ ਦਰਪੇਸ਼ ਹਨ, ਇਹ ਮੀਟਿੰਗ ਜਾਣਕਾਰੀ ਦੇ ਆਦਾਨ-ਪ੍ਰਦਾਨ ਲਈ ਇੱਕ ਮਹੱਤਵਪੂਰਨ ਮੰਚ ਸੀ।

ਪੀ.ਐਸ.ਐਫ.ਸੀ. ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਨੇ ਸੂਬੇ ਦੀ ਖੇਤੀਬਾੜੀ ਨੀਤੀ ਬਾਰੇ ਵਿਸਥਾਰ ਸਹਿਤ ਦੱਸਦਿਆਂ ਵਿਜ਼ਿਟਿੰਗ ਟੀਮ ਨਾਲ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਸਬੰਧੀ ਰਣਨੀਤੀਆਂ 'ਤੇ ਚਰਚਾ ਕੀਤੀ। ਇਸ ਦੌਰਾਨ ਖੇਤੀਬਾੜੀ ਦੇ ਸਾਬਕਾ ਡਾਇਰੈਕਟ ਸ੍ਰੀ ਰਾਜੇਸ਼ ਵਸ਼ਿਸ਼ਟ ਨੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਬਾਰੇ ਅੰਕੜੇ ਪੇਸ਼ ਕੀਤੇ ਅਤੇ ਇਸਦੇ ਹੱਲ ਲਈ ਵਿਗਿਆਨ-ਅਧਾਰਤ ਰੀਚਾਰਜ ਰਣਨੀਤੀਆਂ ਦਾ ਪ੍ਰਸਤਾਵ ਦਿੱਤਾ।

ਉੱਘੇ ਵਿਗਿਆਨੀ ਡਾ. ਬਰਾੜ ਨੇ ਦੋਵੇਂ ਖਿੱਤਿਆਂ ਵਿਚਕਾਰ ਸਪੱਸ਼ਟ ਸਮਾਨਤਾਵਾਂ ਦੀ ਗੱਲ ਕਰਦਿਆਂ ਪਾਣੀ ਦੇ ਘੱਟ ਰਹੇ ਸਰੋਤਾਂ ਦੀ ਸਮੱਸਿਆ ਦਰਮਿਆਨ ਖੇਤੀ ਦੇ ਖੁਸ਼ਹਾਲ ਭਵਿੱਖ ਲਈ ਠੋਸ ਰਣਨੀਤੀਆਂ ਘੜਨ ਦੇ ਪ੍ਰਸਤਾਵ ਲਈ ਹਾਂ-ਪੱਖੀ ਹੁੰਗਾਰਾ ਭਰਿਆ।

ਡਾ. ਬੇਨਸ ਨੇ ਇਸ ਮੁੱਦੇ 'ਤੇ ਕੈਲੀਫੋਰਨੀਆ ਦੇ ਤਜ਼ਰਬੇ ਸਾਂਝੇ ਕਰਦਿਆਂ ਸੰਕਟ ਦੀ ਵਿਸ਼ਵਵਿਆਪੀ ਪ੍ਰਕਿਰਤੀ ਅਤੇ ਸਾਂਝੇ ਹੱਲਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਬਾਗਬਾਨੀ ਦੇ ਸਾਬਕਾ ਡਾਇਰੈਕਟਰ ਅਤੇ ਮੁੱਖ ਨੀਤੀ ਘਾੜੇ ਡਾ. ਗੁਰਕੰਵਲ ਸਿੰਘ ਨੇ ਖੇਤੀਬਾੜੀ ਨੂੰ ਵਧੇਰੇ ਲਾਹੇਵੰਦ ਅਤੇ ਟਿਕਾਊ ਬਣਾਉਣ ਲਈ ਵਿਗਿਆਨ ਦੇ ਆਲਮੀ ਭਾਈਚਾਰੇ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਇਸ ਦੌਰਾਨ ਡਾ. ਰਣਜੋਧ ਸਿੰਘ ਬੈਂਸ ਅਤੇ ਸ਼੍ਰੀ ਮਾਨਵਪ੍ਰੀਤ ਸਿੰਘ ਨੇ ਪੰਜਾਬ ਖੇਤੀ ਢਾਂਚੇ ਦੇ ਖਰੜੇ 'ਚੋਂ ਵੱਖ-ਵੱਖ ਨੀਤੀਗਤ ਉਪਾਵਾਂ 'ਤੇ ਚਰਚਾ ਕਰਕੇ ਗੱਲਬਾਤ ਨੂੰ ਅੱਗੇ ਵਧਾਇਆ।

ਅਖ਼ਬਾਰਾਂ ਵੇਚਣ ਵਾਲੇ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰੋ !

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!



## ਸੰਪਾਦਕੀ

# ਸਰਕਾਰਾਂ ਦੇਸ਼ ਵਾਸੀਆਂ ਨੂੰ ਮੰਗਤੇ ਬਣਾਉਣ ਦੇ ਰਾਹ

ਭਾਰਤ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਹੈ, ਜੋ ਆਪਣੇ ਆਪ ਵਿੱਚ ਹੀ ਇਕ ਤ੍ਰਾਸਦੀ ਹੈ। ਕਿਉਂਕਿ ਏਨੀ ਵੱਡੀ ਆਬਾਦੀ ਨੂੰ ਖਾਣ ਅਤੇ ਪਹਿਨਣ ਤੋਂ ਇਲਾਵਾ ਰਹਿਣ ਲਈ ਵੀ ਛੱਤ ਦੀ ਲੋੜ ਹੈ। ਪਰ ਆਜ਼ਾਦੀ ਤੋਂ ਬਾਅਦ ਦੇਸ਼ ਦੀ ਆਬਾਦੀ ਵਿੱਚ ਵਿਸਫੋਟ ਦੀ ਤਰ੍ਹਾਂ ਵਾਧਾ ਹੋਇਆ। ਪਰ ਦੇਸ਼ ਦੇ ਵੱਡੀ ਵਿਣਤੀ ਵਸਿੰਦੇ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਤੋਂ ਸੱਖਣੇ ਹਨ। ਸਰਕਾਰਾਂ ਜਾਂ ਸਰਕਾਰਾਂ 'ਤੇ ਕਾਬਜ ਲੋਕਾਂ ਨੂੰ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ, ਉਹ ਸਾਢੇ ਚਾਰ ਸਾਲ ਇਨ੍ਹਾਂ ਦਾ ਖ਼ੂਨ ਚੂਸਦੇ ਹਨ ਤੇ ਵੋਟਾਂ ਤੋਂ ਪਹਿਲਾਂ ਲੁਭਾਉਣੇ ਵਾਅਦਿਆਂ ਨਾਲ ਇਹਨਾਂ ਨੂੰ ਪਤਿਆ ਲੈਂਦੇ ਹਨ ਤੇ ਇਹ ਮਜਬੂਰ ਲੋਕ ਫਿਰ ਇਨ੍ਹਾਂ ਨੇਤਾਵਾਂ ਤੇ ਸਿਆਸੀ ਪਾਰਟੀ ਦੇ ਮੱਕੜ ਜਾਲ ਵਿੱਚ ਫਸਕੇ ਆਪਣੇ ਕੀਮਤੀ ਵੋਟ ਦਾ ਮਹਿਜ਼ ਕੁਝ ਕੁ ਮੁਫ਼ਤ ਹਾਸਲ ਕਰਨ ਦੇ ਚੱਕਰ ਵਿੱਚ ਦਾਨ ਕਰ ਦਿੰਦੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਜੋ ਸਿੱਖਿਆ ਵਿਵਸਥਾ ਦੇਸ਼ ਵਿੱਚ ਪ੍ਰਚੱਲਿਤ ਹੈ ਉਹ ਨਕਾਰਾ ਕਿਸਮ ਦੀ ਹੈ ਤੇ ਇਸ ਨਾਲ ਕੋਈ ਵੀ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਦੇ ਸਮਰੱਥ ਨਹੀਂ ਹੋ ਸਕਦਾ। ਕੁਝ ਕੁ ਕਿੱਤਾ ਮੁਖੀ ਕੋਰਸ ਅਜਿਹੇ ਹਨ ਜੋ ਆਮ ਆਦਮੀ ਦੀ ਪਹੁੰਚ ਵਿੱਚ ਨਹੀਂ ਹਨ, ਉਨ੍ਹਾਂ 'ਤੇ ਪਹਿਲਾਂ ਹੀ ਖੁਸ਼ਹਾਲ ਪਰਿਵਾਰਾਂ ਦੇ ਬੱਚੇ ਦਾਖ਼ਲਾ ਲੈਣ ਵਿੱਚ ਕਾਮਯਾਬ ਹੋ ਜਾਂਦੇ ਹਨ। ਹੁਣ ਗੱਲ ਵਿਸ਼ੇ ਦੀ ਕਰੀਏ ਤਾਂ ਸੋਚਣਾ ਬਣਦਾ ਹੈ ਕਿ ਆਖਰ ਲੋਕ ਸਿਆਸੀ ਨੇਤਾਵਾਂ ਦੇ ਮੁਫ਼ਤਖੋਰੀ ਦੇ ਵਾਅਦਿਆਂ ਵਿੱਚ ਫਸਦੇ ਹੀ ਕਿਉਂ ਹਨ? ਅਸਲੀਅਤ ਦੇ ਹੋਰ ਨੇੜੇ ਜਾਈਏ ਤਾਂ ਆਬਾਦੀ ਤੋਂ ਬਾਅਦ ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ ਦੇ ਕੰਮ ਕਰਨ ਦੇ ਤਰੀਕੇ ਅਤੇ ਸੋਚ ਅਵਾਮ ਪੱਖੀ ਨਹੀਂ ਰਹੀ। ਸਭ ਨਾਗਰਿਕਾਂ ਨੂੰ ਵੋਟ ਬੈਂਕ ਬਣਾਉਣ ਦੇ ਚੱਕਰ ਵਿੱਚ ਰਹੇ ਹਨ ਤੇ ਚੋਣਾਂ ਮੌਕੇ ਲੁਭਾਉਣੇ ਵਾਅਦੇ ਕਰਕੇ ਉਨ੍ਹਾਂ ਨਾਲ ਧ੍ਰੋਹ ਕਮਾਉਂਦੇ ਰਹੇ ਹਨ। ਹਰ ਸਾਲ ਲੱਖਾਂ ਨੌਜਵਾਨ ਪੜ੍ਹਾਈ ਉਪਰੰਤ ਪਹਿਲਾਂ ਤੋਂ ਹੀ ਲੰਮੀ ਹੁੰਦੀ ਜਾ ਰਹੀ ਬੇਰੁਜ਼ਗਾਰਾਂ ਦੀ ਭੀੜ ਵਿੱਚ ਜਾ ਸ਼ਾਮਲ ਹੁੰਦੇ ਹਨ। ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਚੋਣਾਂ ਹੋਈਆਂ ਹਨ। ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਸਬਜਬਾਗ ਦਿਖਾਏ ਤੇ ਆਖਰ ਭਾਜਪਾ ਇਸ ਗਿੱਦੜ ਖੇਡ ਵਿਚ ਬਾਜੀ ਮਾਰ ਗਈ। ਆਮ ਆਦਮੀ ਪਾਰਟੀ ਨੇ ਔਰਤਾਂ ਨੂੰ ਦੋ-ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ, ਜਦੋਂ ਕਿ ਉਹ ਪਿਛਲੀਆਂ ਚੋਣਾਂ ਮੌਕੇ ਔਰਤਾਂ ਨਾਲ ਅਜਿਹਾ ਵਾਅਦਾ ਕਰਕੇ ਖਰੀ ਨਹੀਂ ਸੀ ਉਤਰੀ। ਹੁਣ ਗੇਂਦ ਭਾਜਪਾ ਦੇ ਪਾਲੇ ਵਿਚ ਹੈ ਤੇ ਦੇਖਦੇ ਹਾਂ ਕਿ ਉਹ ਔਰਤਾਂ ਨਾਲ 2500 ਰੁਪਏ ਖਾਤਿਆਂ ਵਿਚ ਪਾਉਣ ਦਾ ਆਪਣਾ ਵਾਅਦਾ ਕਦੋਂ ਪੂਰਾ ਕਰਦੀ ਹੈ। ਪੰਜਾਬ ਵਿਚ ਵੀ ਉਨ੍ਹਾਂ ਚੋਣਾਂ ਮੌਕੇ 1000 ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਪਰ ਸਵਾ ਤਿੰਨ ਸਾਲ ਬੀਤਣ ਬਾਅਦ ਵੀ ਇਹ ਵਾਅਦਾ ਵਫਾ ਨਹੀਂ ਹੋ ਸਕਿਆ। ਪੰਜਾਬ ਵਿਚ ਲੋਕਾਂ ਨਾਲ ਮੁਫਤ ਖੋਰੀ ਵਾਲੇ ਵਾਅਦੇ ਕਰਨ ਦਾ ਆਗਾਜ਼ 1997 ਵਿਚ ਅਕਾਲੀ ਭਾਜਪਾ ਸਰਕਾਰ ਨੇ ਸ਼ੁਰੂ ਕੀਤਾ ਤੇ ਉਸਨੇ ਕਿਸਾਨਾਂ ਨੂੰ ਖੇਤੀ ਸੈਕਟਰ ਲਈ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਕੀਤਾ ਤੇ ਦਿੱਤੀ ਵੀ। ਫਿਰ 2002 ਵਿਚ ਉਸਨੇ ਆਟਾ ਦਾਲ ਸਕੀਮ ਦੇ ਨਾਂ 'ਤੇ ਵੋਟਰਾਂ ਨੂੰ ਭਰਮਾਇਆ। ਇਵੇਂ ਹੀ ਦਿੱਲੀ ਵਿਚ ਮੁਫ਼ਤ ਬਿਜਲੀ ਪਾਣੀ ਦਾ ਨਾਆਰਾ ਵੀ ਆਪ ਲਈ ਲਗਾਤਾਰ ਕੰਮ ਆਉਂਦਾ ਰਿਹਾ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਸਰਕਾਰਾਂ ਲੋਕਾਂ ਨੂੰ ਮੁਫ਼ਤ ਦੇਣ ਦਾ ਵਾਅਦਾ ਕਰਦੀਆਂ ਹੀ ਕਿਉਂ ਹਨ। ਅਸਲੀਅਤ ਇਹ ਹੈ ਕਿ ਜਰਜਰ ਸਿੱਖਿਆ ਪ੍ਰਣਾਲੀ ਦੇ ਚੱਲਦਿਆਂ ਲੋਕ ਵਿਹਲੜ ਅਤੇ ਬੇਕਾਰ ਹੋ ਕੇ ਰਹਿ ਗਏ ਹਨ। ਕੰਮ ਸੱਭਿਆਚਾਰ ਲੋਕ ਮਨਾਂ 'ਚੋਂ ਦਿਨ ਪ੍ਰਤੀਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਕੋਈ ਵੀ ਉਦਾਹਰਣ ਨਹੀਂ ਕਿ ਚੋਣਾਂ ਮੌਕੇ ਲੋਕਾਂ ਨੇ ਸਿਆਸੀ ਆਗੂਆਂ ਕੋਲੋਂ ਮੁਫਤਖੋਰੀ ਦੇ ਵਾਅਦੇ ਦੇ ਉਲਟ ਕੰਮ ਜਾਂ ਨੌਕਰੀ ਦੇਣ ਦੀ ਮੰਗ ਕੀਤੀ ਹੋਵੇ। ਸਿਆਸੀ ਲੋਕਾਂ ਨੇ ਆਮ ਵੋਟਰਾਂ ਦੀ ਨਬਜ਼ ਪਛਾਣਕੇ ਇਹ ਮੁਫਤਖੋਰੀ ਦੇ ਹਥਿਆਰ ਆਪਣੇ ਲਈ ਬਣਾਕੇ ਰੱਖਿਆ ਹੈ ਸਾਢੇ ਚਾਰ ਸਾਲ ਬਾਅਦ ਇਸਨੂੰ ਝਾੜ ਪੂੰਝਕੇ ਇਨ੍ਹਾਂ ਹੀ ਲੋਕਾਂ 'ਤੇ ਚਲਾ ਦਿੱਤਾ ਜਾਂਦਾ ਹੈ। ਸਾਡੀ ਆਮ ਲੋਕਾਂ ਨੂੰ ਵੀ ਇਹ ਸਲਾਹ ਹੈ ਕਿ ਉਹ ਸਿਆਸੀ ਲੋਕਾਂ ਦੇ ਲੁਭਾਉਣੇ ਅਤੇ ਮੁਫਤਖੋਰੀ ਦੇ ਨਾਅਰਿਆਂ ਵਿਚ ਨਾ ਆ ਕੇ ਕੰਮ ਜਾਂ ਨੌਕਰੀਆਂ ਦੀ ਮੰਗ ਕਰਨ। ਮੁਫ਼ਤਖੋਰੀ ਦੇ ਵਾਅਦਿਆਂ ਨੂੰ ਮੁੱਢੋਂ ਰੱਦ ਕਰਕੇ ਅਜਿਹੇ ਆਗੂਆਂ ਦਾ ਬਾਈਕਾਟ ਕਰਨ ਜੋ ਮੁਫਤਖੋਰੀ ਦੇ ਵਾਅਦੇ ਕਰਦਾ। ਕਿਉਂਕਿ ਦਸਾਂ ਨਹੁੰਆਂ ਦੀ ਕਿਰਤ ਹੀ ਆਖਰ ਨੂੰ ਕੰਮ ਆਉਣੀ ਹੈ ਤੇ ਇਸੇ ਨੂੰ ਹੀ ਪਾਏਦਾਰ ਰਾਹ ਮੰਨਿਆ ਜਾ ਸਕਦਾ ਹੈ।

**-ਜਗਜੀਤ ਸਿੰਘ ਦਰਦੀ**

# ਬਦਲ ਰਹੇ ਹਨ ਪ੍ਰਗਟਾਵੇ ਦੀ ਆਜ਼ਾਦੀ ਦੇ ਅਰਥ ਸੋਸ਼ਲ ਮੀਡੀਆ ਤੇ ਯੂ ਟਿਊਬਰ ਹੁਣ ਨਫ਼ਰਤੀ ਬਾਜ਼ਾਰ ਵਿੱਚ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਅੱਜ ਪੂਰੀ ਦੁਨੀਆਂ ਦੇ ਵਿੱਚ ਸੋਸ਼ਲ ਮੀਡੀਆ ਇੱਕ ਵੱਡਾ ਬਾਜ਼ਾਰ ਬਣ ਚੁੱਕਾ ਹੈ ਅਤੇ ਇਸ ਦੀ ਪਹੁੰਚ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਚਾਰ ਸੌ ਕਰੋੜ ਤੋਂ ਜ਼ਿਆਦਾ ਲੋਕ ਹੁਣ ਇੰਟਰਨੈੱਟ ਦੇ ਘੇਰੇ ਵਿੱਚ ਹਨ। ਅੱਜ ਸੋਸ਼ਲ ਮੀਡੀਆ 'ਤੇ ਕੀਤੀ ਗਈ ਇੱਕ ਟਿੱਪਣੀ ਇੰਸਟੈਂਟ ਮਿੰਟਾਂ ਸਕਿੰਟਾਂ ਵਿੱਚ ਜਿਸ ਤਰ੍ਹਾਂ ਪੂਰੀ ਦੁਨੀਆਂ ਵਿੱਚ ਰਿਐਕਟ ਹੁੰਦੀ ਹੈ ਅਰਥਾਤ ਮਨੁੱਖੀ ਜੀਵਨ ਸੰਵੇਦਨਾਵਾਂ ਜਿਸ ਤਰ੍ਹਾਂ ਇੱਕ ਸੈਕਿੰਡ ਦੇ ਵਿੱਚ ਪੂਰੀ ਦੁਨੀਆਂ ਵਿੱਚ ਨਫ਼ਰਤ ,ਪਿਆਰ ਸੰਦੇਹ ਤੇ ਸਮਾਜ ਨੂੰ ਜੋੜਨ ਤੇ ਤੋੜਨ ਵਾਲੀਆਂ ਘਟਨਾਵਾਂ ਵਿੱਚ ਬਦਲ ਸਕਦੀਆਂ ਹਨ ਇਸ ਤੋਂ ਵੱਡਾ ਤਾਕਤਵਰ ਪਹੁੰਚ ਰੀਚ ਦਾ ਸੁਨੇਹਾ ਤੇ ਪ੍ਰਗਟਾਵੇ ਦੀ ਆਜ਼ਾਦੀ ਪਹਿਲਾਂ ਕਦੀ ਵੀ ਨਹੀਂ ਸੀ। ਪੂਰੀ ਦੁਨੀਆਂ ਦੇ ਵਿੱਚ ਤੇਜ਼ ਤਰਾਰ ਸੂਚਨਾ ਪ੍ਰਸਾਰਨ ਤੰਤਰ ਅਤੇ ਡਿਜ਼ੀਟਲ ਮੀਡੀਆ ਦੇ ਨਾਲ ਨਾਲ ਯੂਟਿਊਬ ਦੀ ਪਹੁੰਚ ਨੇ ਟੈਲੀਵਿਜ਼ਨ ਵਰਗੇ ਤੇ ਰੇਡੀਓ ਵਰਗੇ ਪੁਰਾਣੇ ਸੂਚਨਾ ਸੰਚਾਰ ਮਾਧਿਅਮ ਨੂੰ ਵੀ ਕਿਤੇ ਪਿੱਛੇ ਛੱਡ ਦਿੱਤਾ ਹੈ। ਪਿਛਲੇ ਇੱਕ ਦਹਾਕੇ 'ਚੋਂ ਸੰਚਾਰ ਮਾਧਿਅਮਾਂ 'ਚ ਆਈ ਕ੍ਰਾਂਤੀ ਨੇ ਅੱਜ ਨਵੀਂ ਦੁਨੀਆਂ ਵਿੱਚ ਡਿਜ਼ੀਟਲ ਮੀਡੀਆ ਦੀ ਪਹੁੰਚ ਨੂੰ ਜਿਸ ਤਰ੍ਹਾਂ ਅੱਗੇ ਲੈ ਆਂਦਾ ਹੈ ਉਸ ਨਾਲ ਉਹ ਓਟੀਟੀ ਪਲੇਟਫਾਰਮ ਅਤੇ ਡਿਜ਼ੀਟਲ ਮੀਡੀਆ ਵਿਸ਼ੇਸ਼ਕਰ ਸੋਸ਼ਲ ਮੀਡੀਆ ਯੂਟਿਊਬ ਦਾ ਜਿਸ ਤਰ੍ਹਾਂ ਦਾ ਪਰਿਵੇਸ਼ ਤੇ ਦ੍ਰਿਸ਼ ਤੁਹਾਡੇ ਸਾਹਮਣੇ ਆਇਆ ਹੈ ਉਹ ਬਿੱਲਕੁਲ ਹੈਰਾਨੀਜਨਕ ਹੈ।ਕਿਹਾ ਜਾਂਦਾ ਹੈ ਕਿ ਹੁਣ ਆਉਣ ਵਾਲੇ ਦਿਨਾਂ ਦੇ ਵਿੱਚ ਪਰਾਪੇਗੰਡੇ ਦਾ ਸਭ ਤੋਂ ਤੇਜ਼ ਤਰਾਰ ਹਥਿਆਰ ਸੋਸ਼ਲ ਮੀਡੀਆ ਹੀ ਹੈ ਅਤੇ ਉੱਥੇ ਪ੍ਰਗਟਾਵੇ ਦੀ ਆਜ਼ਾਦੀ ਤੁਸੀਂ ਸਿੱਧੇ ਰੂਪ ਵਿੱਚ ਹਾਂ ਨਾ ਪੱਖੀ ਜਾਂ ਨਫ਼ਰਤ ਜਾਂ ਪਿਆਰ ਦੀਆਂ ਸੰਭਾਵਨਾ ਨੂੰ ਪ੍ਰਗਟ ਕਰ ਸਕਦੇ ਹੋ।

ਜਿਹੜੀਆਂ ਸਿੱਧੇ ਤੌਰ 'ਤੇ ਮਨਾਂ ਨੂੰ ਮਨੋਵਿਗਿਆਨਕ ਅਤੇ ਸਮਾਜਿਕ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ। ਇਸ ਦਾ ਅਜਿਹਾ ਪ੍ਰਗਟਾਵਾ ਭਾਰਤ ਵਿੱਚ ਅਤੇ ਦੂਜੇ ਦੇਸ਼ਾਂ ਵਿੱਚ ਜਿਸ ਤਰ੍ਹਾਂ ਦਾ ਓਨਮਾਦੀ ਨਫ਼ਰਤੀ ਮੁਫ਼ਾਦ ਲਈ ਪ੍ਰਾਪੇਗੰਡਾ ਕਰ ਰਿਹਾ ਹੈ, ਉਸਦੀਆਂ ਕਈ ਉਦਾਹਰਨਾਂ ਅੱਜਕੱਲ੍ਹ ਖ਼ਬਰਾਂ ਵਿੱਚ ਹਨ।ਪਿਛਲੇ ਦਿਨਾਂ ਵਿੱਚ ਹੀ ਅਤੇ ਪਿਛਲੀਆਂ ਚੋਣਾਂ ਦੇ ਵਿੱਚ ਵੀ ਜਿਸ ਤਰ੍ਹਾਂ ਪੱਛਮੀ ਦੇਸ਼ਾਂ ਵਿੱਚ ਵਿਸ਼ੇਸ਼ਕਰ ਅਮਰੀਕਾ ਵਿੱਚ ਅਤੇ ਭਾਰਤ ਦੀਆਂ ਚੋਣਾਂ ਵਿੱਚ ਯੂਟਿਊਬ ਮੀਡੀਆ ਤੇ ਸੋਸ਼ਲ ਮੀਡੀਆ ਦੀ ਪਹੁੰਚ ਦਾ ਇੱਕ ਨਵਾਂ ਪ੍ਰਚਾਰ ਪ੍ਰਸਾਰ ਦਾ ਤੰਤਰ ਅਤੇ ਇੱਕ ਸ਼ਕਤੀਸ਼ਾਲੀ ਟੂਲ ਵਜੋਂ ਸੋਸ਼ਲ ਮੀਡੀਆ ਨੂੰ ਦੇਖਿਆ ਗਿਆ ਹੈ।

ਹੁਣ ਉਸ ਨੂੰ ਦੇਖਿਆਂ ਪਤਾ ਚੱਲਦਾ ਹੈ ਕਿ ਹੁਣ ਇਸ ਦੀ ਮਜ਼ਬੂਤੀ ਦਾ ਸਿਹਰਾ ਨੈੱਟ ਦੀ ਇੱਕ ਉਸ ਨਵੀਂ ਸੰਚਾਰ ਕ੍ਰਾਂਤੀ 'ਤੇ ਹੈ, ਜਿਸ ਨਾਲ ਪੂਰੀ ਦੁਨੀਆਂ ਇੱਕ ਛੋਟੇ ਜਿਹੇ ਸੰਚਾਰ ਸਮੂਹ ਵਿੱਚ ਬਦਲ ਗਈ ਹੈ।ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਸੂਚਨਾ ਦਾ ਅਧਿਕਾਰ ਅਤੇ ਸੂਚਨਾ ਦੇ ਇਸ ਤਰ੍ਹਾਂ ਦੇ ਬੇਬਾਕੀ ਪ੍ਰਗਟਾਵੇ ਨੂੰ ਜ਼ਿਕਰਯੋਗ ਕੀਤਾ ਜਾਂਦਾ ਹੈ, ਉੱਥੇ ਸਰਕਾਰੀ ਮੀਡੀਆ ਅਤੇ ਦੂਜੇ ਟੈਲੀਵਿਜ਼ਨ ਤੇ ਰੇਡੀਓ ਸੰਸਥਾਨ ਕੁਝ ਘੱਟ ਗਏ ਹਨ। ਅੰਦਾਜਾ ਇਹ ਹੈ ਕਿ ਉਹਨਾਂ ਦੀ ਰੀਚ 50% ਘੱਟ ਹੋ ਗਈ ਹੈ ਤੇ ਉਸ ਦਾ ਬਦਲ ਯੂਟਿਊਬ ਤੇ ਦੂਸਰੇ ਸੰਚਾਰ ਮਾਧਿਅਮ ਹੋ ਗਏ ਹਨ।

ਸਾਡੇ ਇਥੇ ਪਿਛਲੇ ਦਿਨੀਂ ਕੁਨਾਲ ਕਾਮਰਾ ਯੂਟੀਊਬਰ ਦਾ ਕੇਸ ਜਿਸ ਤਰ੍ਹਾਂ ਹੋਇਆ ਤੇ ਉਸ ਤੋਂ ਪਹਿਲਾਂ ਜਿਸ ਤਰ੍ਹਾਂ ਦੇ ਕੇਸ ਵੱਖ-ਵੱਖ ਸਟੇਟਾਂ ਵਿੱਚ ਯੂਟੀਊਬਰ ਅਤੇ ਨਫ਼ਰਤ ਫੈਲਾਉਣ ਵਾਲੇ ਦੂਸਰੇ ਨਿਊਜ਼ ਆਊਟ ਲੈਟਸ ਨਿਊਜ਼ ਲਾਂਡਰੀ ਅਤੇ ਦੂਸਰਿਆਂ ਨਾਲ ਵਿਵਹਾਰ ਹੋਇਆ ਹੈ ਉਹ ਇਹ ਦਿਖਾਉਂਦਾ ਹੈ ਕਿ ਹੁਣ ਕੁਝ ਲੋਕ ਤਾਂ ਆਪਣੀ ਪਬਲੀਸਿਟੀ ਲਈ ਅਤੇ ਦੂਸਰੀਆਂ ਚੀਜ਼ਾਂ ਵਾਸਤੇ ਸਿੱਧੇ ਰੂਪ ਵਿੱਚ ਨਫ਼ਰਤ ਫੈਲਾਉਣਾ ਅਰਥਾਤ ਸਰਕਾਰ ਤੇ ਰਾਜਨੇਤਾਵਾਂ ਸੈਲੀਬ੍ਰਿਟੀ ਦੇ ਵਿਰੁੱਧ ਕੁਝ ਵੀ ਕਹਿਣਾ ਸਮਾਜ ਦੇ ਬਾਰੇ ਰਾਜਨੀਤਿਕ ਤੌਰ 'ਤੇ ਟਿੱਪਣੀਆਂ ਕਰਨੀਆਂ ਤਾਂ ਕਿ ਉਹਨਾਂ ਦੀ ਵੀਵਰਸ਼ਿਪ ਵਧੇ ਅਤੇ ਉਹਨਾਂ ਨੂੰ ਯੂਟਿਊਬ ਤੋਂ ਪੈਸੇ ਮਿਲ ਜਾਣਗੇ।

ਹੁਣ ਇਹ ਇਕ ਫੈਸ਼ਨ ਅਤੇ ਇੱਕ ਧੰਦਾ ਬਣ ਚੁੱਕਾ ਹੈ ਪਰੰਤੂ ਦੂਜੇ ਪਾਸੇ ਸਰਕਾਰ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਆਈਟੀ ਕਾਨੂੰਨਾਂ ਦੇ ਤਹਿਤ ਉਹ ਵੀ ਨਵੇਂ ਆਈਟੀ ਕਾਨੂੰਨ ਤੇ ਸਾਇਬਰ ਕਾਨੂੰਨਾਂ ਨੂੰ ਸੋਧ ਰਹੇ ਹਨ ਅਤੇ ਨਵੇਂ ਸਿਰੇ ਤੋਂ ਤਿਆਰ ਕਰ ਰਹੇ ਹਨ ਤਾਂ ਕਿ ਇਹਨਾਂ ਦੀ ਨਫ਼ਰਤ ਭਾਵਨਾ ਤੇ ਪ੍ਰਚਾਰ 'ਤੇ ਅੰਕੁਸ਼ ਲਗਾਇਆ ਜਾ ਸਕੇ।

ਪਿਛਲੇ ਦਿਨਾਂ ਵਿੱਚ ਕੁਨਾਲ ਕਾਮਰਾ ਦਾ ਕੇਸ ਜਿਸ ਤਰ੍ਹਾਂ ਉੱਛਲਿਆ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਜਾਣ ਬੁੱਝ ਕੇ ਰਾਜਨੀਤਿਕ ਟਿੱਪਣੀਆਂ ਅਤੇ ਟਾਰਗੇਟ ਟਿੱਪਣੀਆਂ ਦੇ ਵਿੱਚ ਨਫ਼ਰਤ ਫੈਲਾਉਣਾ ਕਿਸੇ ਦਾ ਨਾਮ ਲੈ ਕੇ ਜਿਵੇਂ ਉਹਨਾਂ ਨੇ ਮਹਾਰਾਸ਼ਟਰ ਦੇ ਹੁਣ ਦੇ ਡਿਪਟੀ ਮੁੱਖ ਮੰਤਰੀ ਅਤੇ ਸਾਬਕਾ ਮੁੱਖ ਮੰਤਰੀ ਦੇ ਬਾਰੇ ਵਿੱਚ ਆਪਣੀਆਂ ਟਿੱਪਣੀਆਂ ਅਤੇ ਆਪਣੀ ਪੈਰੋਡੀ ਦੀ ਪ੍ਰਸਤੁਤੀ ਵਿੱਚ ਜਿਸ ਤਰ੍ਹਾਂ ਦਾ ਵਿਅੰਗ ਕਸਿਆ ਹੈ ਉਹ ਉਸ ਸਤਰ ਤੋਂ ਕਿਤੇ ਘੱਟ ਹੈ।

ਉਸ ਤੋਂ ਪਤਾ ਚੱਲਦਾ ਹੈ ਕਿ ਤੁਸੀਂ ਇਸਦੇ ਸਿੱਧੇ ਤੌਰ 'ਤੇ ਕਿਸੇ ਨੂੰ ਟਾਰਗੇਟ ਕਰ ਰਹੇ ਹੋ। ਭਾਰਤੀ ਸੰਵਿਧਾਨ ਪ੍ਰਗਟਾਵੇ ਦੀ ਆਜ਼ਾਦੀ ਦੀ ਮੁਹਲਤ ਦਿੰਦਾ ਹੈ, ਪਰੰਤੂ ਫ੍ਰੀ ਸਪੀਚ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਕਿਸੇ ਨੂੰ ਜਾਣ ਬੁੱਝਕੇ ਉਹਨਾਂ ਦੀਆਂ ਭਾਵਨਾਵਾਂ ਨੂੰ ਆਹਤ ਕਰੋ। ਇਸ ਮੌਕੇ 'ਤੇ ਕੇਸ ਵਿੱਚ ਹਾਲਾਂਕਿ ਕਈ ਮਾਮਲੇ ਦਰਜ ਕੀਤੇ ਗਏ ਹਨ ਤੇ ਮਾਮਲਾ ਭਾਰਤੀ ਉੱਚਤਮ ਸੁਪਰੀਮ ਕੋਰਟ ਤੱਕ ਪਹੁੰਚ ਗਿਆ, ਪਰੰਤੂ ਹੁਣ ਇਹ ਸੁਪਰੀਮ ਕੋਰਟ ਤੇ ਕਰੇਗਾ ਕਿ ਉਸਦਾ ਕਸੂਰ ਕਿੰਨਾ ਸੀ ਹਾਲਾਂਕਿ ਉਸ ਨੂੰ ਜ਼ਮਾਨਤ ਦਿੱਤੀ ਜਾ ਚੁੱਕੀ ਹੈ ਅਤੇ ਇਹ ਜ਼ਮਾਨਤ ਹੋਣ ਆਉਣ ਵਾਲੇ ਦਿਨਾਂ ਦੇ ਵਿੱਚ ਜਿਵੇਂ ਕਿ ਸ਼ਿਵ ਸੈਨਾ ਵੱਲੋਂ ਕੁਨਾਲ ਕਾਮਰਾ ਤੇ ਕੇਸ ਦਾਖਲ ਕੀਤੇ ਗਏ ਹਨ, ਉਹ ਵੇਖਣ ਵਾਲੀ ਗੱਲ ਹੈ।

ਇਸ ਤਰ੍ਹਾਂ ਹੀ ਅਸਾਮ, ਗੁਜਰਾਤ ਅਤੇ ਦੂਜੇ ਰਾਜਾਂ ਵਿੱਚ ਜਿਸ ਤਰ੍ਹਾਂ ਯੂਟਿਊਬ ਤੇ ਵਿਸ਼ੇਸ਼ਕਰ ਬੰਗਾਲ ਵਿੱਚ ਜਿਸ ਤਰ੍ਹਾਂ ਯੂਟਿਊਬਰ ਨੂੰ ਪਕੜਿਆ ਗਿਆ ਹੈ ਅਤੇ ਹਾਲੇ ਵੀ ਇਹ ਮਾਮਲੇ ਅਦਾਲਤਾਂ ਵਿੱਚ ਜਾਰੀ ਹਨ ਪਰੰਤੂ ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤੀ ਸੰਵਿਧਾਨ ਅਨੁਸਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਬਾਵਜੂਦ ਜਿਸ ਤਰ੍ਹਾਂ ਯੂਟਿਊਬ ਤੇ ਓਟੀਟੀ ਪਲੇਟਫਾਰਮ 'ਤੇ ਅਣਸਮਾਜਿਕ ਗਾਲੀ ਗਲੋਚ ਅਤੇ ਕੰਟੈਂਟ ਵਿੱਚ ਨਫ਼ਰਤੀ ਭਾਸ਼ਣ ਉਤੇਜਨਾਂ ਭਰਿਆ ਮਾਹੌਲ ਭਰਿਆ ਜਾ ਰਿਹਾ ਹੈ।

ਕੀ ਉਹ ਸਹੀ ਢੰਗ ਨਾਲ ਪ੍ਰਗਟਾਵੇ ਦੀ ਆਜ਼ਾਦੀ ਅਤੇ ਫ੍ਰੀ ਸਪੀਚ ਦੀ ਤਰਜ਼ਮਾਨੀ ਕਰਦਾ ਹੈ। ਇਹ ਬਹੁਤ ਹੀ ਅਫ਼ਸੋਸਨਾਕ ਪੱਖ ਹੈ ਕਿ ਕੁਝ ਲੋਕ ਇਸ ਨੂੰ ਆਪਣੇ ਮੁਫ਼ਾਦ ਲਈ ਵਰਤ ਰਹੇ ਹਨ। ਸੋਸ਼ਲ ਮੀਡੀਆ ਤੁਹਾਨੂੰ ਆਜ਼ਾਦੀ ਦਿੰਦਾ ਹੈ, ਪਰੰਤੂ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਤੁਸੀਂ ਕਿਸੇ ਨੂੰ ਨਿਜੀ ਤੌਰ ਤੇ ਆਪਣੀਆਂ ਟਿੱਪਣੀਆਂ ਨਾਲ ਨਿਸ਼ਾਨਾ ਬਣਾਓ ਉਹ ਭਲੇ ਰਾਜਨੀਤਿਕ ਦਲ ਹੋਣ। ਹੁਣ ਇੱਥੇ ਤਾਂ ਲੋਕ ਪ੍ਰਧਾਨ ਮੰਤਰੀ ਤੋਂ ਲੈ ਕੇ ਰਾਸ਼ਟਰਪਤੀ ਤੱਕ ਨਿੱਜੀ ਟਿੱਪਣੀਆਂ ਨੂੰ ਨਫ਼ਰਤ ਦੇ ਨਾਲ ਦੇਖਣਾ ਸ਼ੁਰੂ ਕਰ ਚੁੱਕੇ ਹਨ। ਉਹ ਤਾਂ ਉਹ ਰਾਸ਼ਟਰਪਤੀ ਪ੍ਰਧਾਨ ਮੰਤਰੀ ਅਤੇ ਦੂਜੇ ਮੰਤਰੀਆਂ ,ਮੁੱਖ ਮੰਤਰੀਆਂ ਤੋਂ ਲੈ ਕੇ ਰਾਜ ਤੇ ਰੰਗ ਵਿਰੋਧੀ ਤੇ ਜੈਂਡਰ ਦੇ ਮਸਲਿਆਂ ਨਾਲ ਵੀ ਪ੍ਰਗਟਾਵੇ ਦੀ ਆਜ਼ਾਦੀ ਵਿੱਚ ਇਹ ਲੋਕ ਹੁਣ ਕੰਟੈਂਟ ਅਤੇ ਨਫ਼ਰਤੀ ਭਾਸ਼ਣ ਪਰੋਸ ਰਹੇ ਹਨ।ਹੁਣ ਪਿਛਲੇ ਦਿਨੀਂ ਕੇਰਲਾ ਦੀ ਚੀਫ ਸੈਕਟਰੀ ਦੇ ਕਾਲੇ ਰੰਗ ਬਾਰੇ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਸੋਸ਼ਲ ਮੀਡੀਆ 'ਤੇ ਉਜਾਗਰ ਹੋਈਆਂ ਹਨ ਇਹ ਕਤਈ ਇਹ ਨਹੀਂ ਕਹਿੰਦੀਆਂ ਕਿ ਇਹ ਹੁਣ ਪ੍ਰਗਟਾਵੇ ਦੀ ਆਜ਼ਾਦੀ ਹੈ ਜਾਂ ਕੋਈ ਫ੍ਰੀ ਸਪੀਚ ਦਾ ਮਾਮਲਾ ਹੈ।

ਇਹ ਜਾਣ ਬੁੱਝ ਕੇ ਕੀਤੀ ਗਈ ਉਲੰਘਣਾ ਹੈ, ਜਿਸ ਦੇ ਨਾਲ ਉਹਨਾਂ ਦੀ ਪ੍ਰਸਿੱਧੀ ਵੱਧਦੀ ਹੈ ਤੇ ਉਹਨਾਂ ਨੂੰ ਫੋਲੋਇੰਗ ਵੱਧ ਜਾਂਦੀ ਹੈ। ਇਹ ਲੋਕ ਜੋ ਆਪਣੇ ਆਪ ਨੂੰ ਇਨਫਲੂਆਸਰ ਅਤੇ ਸੋਸ਼ਲ ਮੀਡੀਆ 'ਤੇ ਪਾਤਸ਼ਾਹ ਕਹਿੰਦੇ ਹਨ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ਼ਾਇਦ ਇਹ ਹੁਣ ਸਮਾਂ ਆ ਗਿਆ ਹੈ ਕਿ ਦੇਖਣਾ ਪਵੇਗਾ ਕਿ ਉਹ ਦੇਸ਼ ਦੀ ਜ਼ਮਹੂਰੀਅਤ ਦਾ ਕਿੰਨਾ ਨੁਕਸਾਨ ਕਰ ਰਹੇ ਹਨ ਅਤੇ ਸਮਾਜ ਵਿੱਚ ਕਿਸ ਤਰ੍ਹਾਂ ਦਾ ਵਿਤਕਰਾ ਪੈਦਾ ਕਰ ਰਹੇ ਹਨ ਕਿਉਂਕਿ ਇਹ ਨਫ਼ਰਤੀ ਭਾਸ਼ਣ ਸਮਾਜ ਦੇ ਹਰ ਤਬਕੇ 'ਤੇ ਸਿੱਧਾ ਅਸਰ ਰੱਖਦਾ ਹੈ। ਬੱਚਿਆਂ ਤੋਂ ਲੈ ਕੇ ਵੱਡੀ ਉਮਰ ਤੱਕ ਤੇ ਉਹਨਾਂ ਲੋਕਾਂ ਤੱਕ ਅੱਲਗ ਅੱਲਗ ਭਾਸ਼ਾਵਾਂ ਵਿੱਚ ਪਹੁੰਚਦਾ ਹੈ।

ਜਿਨ੍ਹਾਂ ਤੱਕ ਇਹ ਨਹੀਂ ਪਹੁੰਚਣਾ ਚਾਹੀਦਾ ਹਾਲਾਂਕਿ ਵਾਰ ਵਾਰ ਸਰਕਾਰ ਵੱਲੋਂ ਇਹਨਾਂ ਨੂੰ ਦਬਾਉਣ ਦੀ ਗੱਲ ਕੀਤੀ ਜਾਂਦੀ ਹੈ, ਪਰ ਪ੍ਰਗਟਾਵੇ ਦੀ ਆਜ਼ਾਦੀ ਦਾ ਮਤਲਬ ਇਹ ਵੀ ਨਹੀਂ ਕਿ ਤੁਸੀਂ ਕਿਸੇ 'ਤੇ ਨਜਾਇਜ਼ ਟਿੱਪਣੀਆਂ ਕਰੋ। ਜਾਤੀ ਸੂਚਕ ਗੱਲਾਂ ਅਤੇ ਕਿਸੇ ਦੇ ਵਿਰੋਧ ਵਿੱਚ ਗੱਲਾਂ ਕਿਸੇ ਦਲੀਲ ਵਿੱਚ ਨਹੀਂ ਆਉਂਦੀਆਂ। ਦਲੀਲ ਇਹ ਹੈ ਕਿ ਤੁਸੀਂ ਉਸ ਛੋਟੀ ਲਕੀਰ ਤੋਂ ਵੱਡੀ ਲਕੀਰ ਸਭਿਅਤਾ ਅਤੇ ਮਰਿਆਦਾ ਦੇ ਢੰਗ ਨਾਲ ਕਹੋ ਜੋ ਤੁਹਾਨੂੰ ਭਾਰਤੀ ਸੰਵਿਧਾਨ ਦਿੰਦਾ ਹੈ ਪਰੰਤੂ ਜਿਸ ਤਰ੍ਹਾਂ ਦਾ ਆਪਹੁਦਰਾਪਣ ਸਾਡੇ ਅਤੇ ਸੋਸ਼ਲ ਮੀਡੀਆ 'ਤੇ ਦੇਖਿਆ ਜਾ ਰਿਹਾ ਹੈ।ਕੁਨਾਲ ਕਾਮਰਾ ਉਸ ਕੇਸ ਦੀ ਇੱਕ ਅਜਿਹੀ ਮਿਸਾਲ ਹੈ ਜਿੱਥੇ ਹਾਲੇ ਵੀ ਲੋਕ ਉਸਦੇ ਬਿਆਨਾਂ ਨੂੰ ਤੇ ਉਸਦੇ ਪੈਰੋਡੀ ਗੀਤਾਂ ਨੂੰ ਜਿਸ ਵਿੱਚ ਉਸਨੂੰ ਨਿੱਜੀ ਗੱਲ ਕੀਤੀ ਹੈ, ਉਸ ਨੂੰ ਇੱਕ ਪ੍ਰਗਟਾਵਾ ਮੰਨਦੇ ਹਨ ਜੇ ਇਹ ਪ੍ਰਗਟਾਵਾ ਹੈ ਤੇ ਫ਼ਿਰ ਗਾਲੀ ਗਲੋਚ ਅਤੇ ਨਫ਼ਰਤ ਕੀ ਹੁੰਦੀ ਹੈ ਇਸ ਬਾਰੇ ਸੋਚਣਾ ਹੋਵੇਗਾ।ਇਹ ਤਾਂ ਨਹੀਂ ਹੋਣਾ ਚਾਹੀਦਾ ਪਰੰਤੂ ਇਹ ਗੱਲ ਸੱਚ ਹੈ ਕਿ ਹੁਣ ਸੋਸ਼ਲ ਮੀਡੀਆ ਦੀ ਸਭ ਤੋਂ ਵੱਡੀ ਪਹੁੰਚ ਸਮਾਜ ਦੇ ਉਹਨਾਂ ਲੋਕਾਂ ਤੱਕ ਹੈ ਜੋ ਲੋਕ ਸਮੇਂ ਦਾ ਸੱਚ ਹਨ, ਅਰਥਾਤ ਬੱਚਿਆਂ ਤੋਂ ਲੈ ਕੇ ਨਵੀਂ ਪੀੜ੍ਹੀ ਅਤੇ ਪਰੋੜ ਉਮਰ ਦੇ ਲੋਕਾਂ ਤੋਂ ਲੈ ਕੇ ਬੁਢਾਪਾ ਕੱਟ ਰਹੇ ਲੋਕਾਂ ਤੱਕ ਜਿਸ ਤਰ੍ਹਾਂ ਰੀਲ ਫੇਸਬੁੱਕ ਟਵਿਟਰ ਤੇ ਇੰਸਟਾਗ੍ਰਾਮ ਨੇ ਜਗ੍ਹਾ ਬਣਾਈ ਹੈ ਉਹ ਅਦਭੁੱਤ ਹੈ।

ਆਉਣ ਵਾਲੇ ਦਿਨਾਂ ਦੇ ਵਿੱਚ ਸੰਵਿਧਾਨ ਦੇ ਅਨੁਸਾਰ ਇਹਨਾਂ ਇਨਫਲੈਂਸਰਜ ਤੇ ਓਟੀਟੀ ਅਤੇ ਸੋਸ਼ਲ ਮੀਡੀਆ 'ਤੇ ਸਥਾਪਤੀ ਦੇ ਚੱਕਰ ਵਿੱਚ ਲੋਕਾਂ ਦੇ ਬਾਰੇ ਇੱਕ ਵਾਰ ਫ਼ਿਰ ਸੋਚਣ ਦੀ ਲੋੜ ਹੈ, ਪ੍ਰਗਟਾਵੇ ਦੀ ਆਜ਼ਾਦੀ ਵਿੱਚ ਸੰਵਿਧਾਨਿਕ ਤੌਰ 'ਤੇ ਤੁਹਾਡੇ ਕੁਝ ਅਧਿਕਾਰ ਹਨ, ਪਰੰਤੂ ਤੁਹਾਡੇ ਅਧਿਕਾਰਾਂ ਦੇ ਨਾਲ ਤੁਹਾਡੀ ਜ਼ਿੰਮੇਵਾਰੀ ਵੀ ਹੈ ਕਿ ਤੁਸੀਂ ਉਸ ਨੂੰ ਕਿਵੇਂ ਦੇਖਦੇ ਹੋ।

ਹੁਣ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਸੀਂ ਭਾਰਤ ਵਿੱਚ ਇਸ ਤਰਾਂ ਦੇ ਨਫ਼ਰਤ ਦੀ ਅੰਸਰਾਂ ਨੂੰ ਸੋਸ਼ਲ ਮੀਡੀਆ 'ਤੇ ਸਾਈਬਰ ਕ੍ਰਾਈਮ ਦੇ ਕਾਨੂੰਨਾਂ ਹੇਠ ਕਿਵੇਂ ਰੱਖਦੇ ਹਾਂ ਇਹ ਦੇਖਣਾ ਪਵੇਗਾ ਕਿ ਇਸ ਵੱਡੀ ਮਾਧਿਅਮ ਦੀ ਸੰਚਾਰ ਤੇ ਵਿਵਹਾਰ ਦੀ ਤਾਕਤ ਨੂੰ ਭਾਰਤੀ ਸਮਾਜ ਵਿੱਚ ਇੱਕ ਸਿਹਤਮੰਦ ਰੁਝਾਨ ਅਤੇ ਸਮਾਜਿਕ ਸੰਦੇਸ਼ ਅਤੇ ਕੁਰੀਤੀਆਂ ਦੇ ਵਿਰੁੱਧ ਆਪਸੀ ਭਾਈਚਾਰੇ ਦੀ ਵੱਡੀ ਪਹੁੰਚ ਨੂੰ ਕਿਸ ਤਰ੍ਹਾਂ ਵਰਤਿਆ ਜਾਣਾ ਚਾਹੀਦਾ ਹੈ ਉਸ ਉੱਤੇ ਬਹਿਸ ਹੋਣੀ ਚਾਹੀਦੀ ਹੈ ਅਤੇ ਨਫ਼ਰਤੀ ਕੰਟੈਂਟ ਅਤੇ ਨਫ਼ਰਤੀ ਪ੍ਰਚਾਰ ਨੂੰ ਤੁਰੰਤ ਬੰਦ ਹੋਣਾ ਚਾਹੀਦਾ ਹੈ।

ਇਸ ਵਾਸਤੇ ਸਰਕਾਰ ਨੂੰ ਜੇ ਕੋਈ ਸਖ਼ਤ ਕਾਨੂੰਨ ਵੀ ਬਣਾਉਣਾ ਪਵੇ ਤਾਂ ਬਣਾਉਣਾ ਹੈ ਪਰੰਤੂ ਆਪਣੇ ਆਪ 'ਤੇ ਸੋਸ਼ਲ ਮੀਡੀਆ ਕੋਈ ਅਚਾਰ ਸੰਹਿਤਾ ਲਗਾ ਸਕੇ ਤਾਂ ਇਸ ਤੋਂ ਬਿਹਤਰ ਨਿੱਜੀ ਉੱਦਮ ਕੀ ਹੋ ਸਕਦਾ ਹੈ, ਕਿਉਂਕਿ ਹੁਣ ਸਾਰੀ ਦੀ ਸਾਰੀ ਸੰਚਾਰ ਤਾਕਤ ਸੋਸ਼ਲ ਮੀਡੀਆ ਅਤੇ ਉਸ ਓਟੀਟੀ ਪਲੇਟਫਾਰਮ 'ਤੇ ਹੈ ਜੋ ਹਰ ਵਕਤ ਸੌਖੇ ਤਰ੍ਹਾਂ ਤੁਹਾਨੂੰ ਤੁਹਾਡੇ ਫ਼ੋਨ 'ਤੇ ਉਪਲੱਬਧ ਹੋ ਰਿਹਾ ਹੈ। ਇਸ ਸੰਚਾਰ ਵਿਗਿਆਨ ਦੀ ਕਰਾਮਾਤ ਨੂੰ ਇਨਸਾਨ ਦੀ ਬੇਹਤਰੀ ਲਈ ਵਰਤਿਆ ਜਾਏ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਚੰਗੇ ਨਤੀਜੇ ਆ ਸਕਦੇ ਹਨ।

**ਲੇਖਕ ਉੱਘੇ ਬ੍ਰਾਡਕਾਸਟਰ ਅਤੇ ਮੀਡੀਆ ਵਿਸ਼ਲੇਸ਼ਕ ਹਨ।**



## ਅੱਜ ਸੇਵਾ ਮੁਕਤੀ 'ਤੇ ਵਿਸ਼ੇਸ਼

# ਉਪ ਮੁੱਖ ਇੰਜੀਨੀਅਰ ਧਨਵੰਤ ਸਿੰਘ ਹਮੇਸ਼ਾ ਬਿਜਲੀ ਖਪਤਕਾਰਾਂ ਨੂੰ ਸਮਰਪਿਤ ਰਹੇ: ਇੰਜ: ਰਤਨ ਮਿੱਤਲ



ਮਨਮੋਹਨ ਸਿੰਘ
ਮੋ. 8437725172
ਉਪ ਸਕੱਤਰ ਲੋਕ ਸੰਪਰਕ ਵਿਭਾਗ (ਸੇਵਾ ਮੁਕਤ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਤੋਂ ਅੱਜ ਇੰਜ: ਧਨਵੰਤ ਸਿੰਘ ਉਪ ਮੁੱਖ ਇੰਜੀਨੀਅਰ ਸੇਵਾ ਮੁਕਤ ਹੋ ਰਹੇ ਹਨ,ਜ਼ੋ ਕਿ ਹਮੇਸ਼ਾ ਹੀ ਬਿਜਲੀ ਖਪਤਕਾਰਾਂ ਨੂੰ ਸਮਰਪਿਤ ਰਹੇ ਹਨ। ਬਿਜਲੀ ਖਪਤਕਾਰ ਦੀ ਕੋਈ ਬਿਜਲੀ ਸਪਲਾਈ ਸਬੰਧੀ ਜਾਂ ਬਿਜਲੀ ਸਮੱਸਿਆ ਨੂੰ ਲੈ ਕੇ ਕੋਈ ਵੀ ਮੁੱਦਾ ਹੈ ,ਬੱਸ ਜਦੋਂ ਉਨ੍ਹਾਂ ਦੇ ਧਿਆਨ ਵਿੱਚ ਆ ਗਿਆ ਤਾਂ ਸਮਝੋ ਉਸ ਬਿਜਲੀ ਖਪਤਕਾਰ ਦਾ ਕਲਿਆਣ ਹੋ ਗਿਆ,ਇਹ ਵਿਚਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸੰਚਾਲਨ ਦੱਖਣ ਜ਼ੋਨ ਦੇ ਮੁੱਖ ਇੰਜੀਨੀਅਰ ਇੰਜ: ਰਤਨ ਮਿੱਤਲ ਨੇ ਉਪ ਮੁੱਖ ਇੰਜੀਨੀਅਰ ਇੰਜ਼: ਧਨਵੰਤ ਸਿੰਘ ਦੀ ਸੇਵਾ ਮੁਕਤੀ ਸਮਾਗਮ ਵਿੱਚ ਰੱਖੇ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਇਕ ਕਮਰਸ਼ੀਅਲ ਅਦਾਰਾ ਹੈ। ਪਾਵਰਕਾਮ ਦਾ ਵਿਕਾਸ ਬਿਜਲੀ ਖਪਤਕਾਰਾਂ ਦੇ ਮਾਲੀਏ 'ਤੇ ਨਿਰਭਰ ਕਰਦਾ ਹੈ। ਸੋ ਅਜਿਹੀ ਸਥਿਤੀ ਵਿਚ ਪਾਵਰਕਾਮ ਅਦਾਰੇ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਬਿਜਲੀ ਖਪਤਕਾਰਾਂ ਨੂੰ ਪਾਏਦਾਰ ਅਤੇ ਨਿਰਵਿਘਨ ਬਿਜਲੀ ਮੁਹੱਈਆ ਕਰਵਾਈ ਜਾਵੇ ਅਤੇ ਨਾਲ ਹੀ ਬਿਜਲੀ ਖਪਤਕਾਰਾਂ ਦੀ ਵੀ ਡਿਊਟੀ ਬਣ ਜਾਂਦੀ ਹੈ ਕਿ ਉਹ ਖ਼ਪਤ ਕੀਤੀ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਸਮੇਂ ਸਿਰ ਕਰਨ। ਇਹ ਅਪੀਲ ਇੰਜ਼: ਧਨਵੰਤ ਸਿੰਘ ਉਪ ਮੁੱਖ ਇੰਜੀਨੀਅਰ ਸੰਚਾਲਣ ਪਟਿਆਲਾ ਸਰਕਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਅੱਜ 31 ਸਾਲ ਅਤੇ 2 ਮਹੀਨਿਆਂ ਦੀ ਸੇਵਾ ਪੂਰੀ ਕਰਨ 'ਤੇ ਸੇਵਾ ਮੁਕਤੀ ਮੌਕੇ ਇਕ ਸਮਾਗਮ ਵਿੱਚ ਕੀਤੀ।



ਇੰਜੀ: ਧਨਵੰਤ ਸਿੰਘ ਦਾ ਜਨਮ 1 ਅਪ੍ਰੈਲ, 1967 ਨੂੰ ਪਿਤਾ ਸ੍ਰੀ ਉਮ ਪ੍ਰਕਾਸ਼ ਦੇ ਘਰ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਵਿਖੇ ਹੋਇਆ। ਉਨ੍ਹਾਂ ਨੇ ਆਪਣੀ ਮੈਟ੍ਰਿਕ ਪੱਧਰ ਦੀ ਵਿੱਦਿਆ ਪਿੰਡ ਕੁੱਲਗਰਾਨ ਵਿਖੇ ਸਰਕਾਰੀ ਸਕੂਲ ਵਿਖੇ ਪ੍ਰਾਪਤ ਕੀਤੀ। ਉਨ੍ਹਾਂ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਬੀ ਟੈਕ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਇੰਜੀ: ਧਨਵੰਤ ਸਿੰਘ ਨੇ ਪੰਜਾਬ ਰਾਜ ਬਿਜਲੀ ਬੋਰਡ ਹੁਣ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ 10 ਜਨਵਰੀ, 1994 ਨੂੰ ਬਤੌਰ ਐਸ.ਡੀ.ਉ.ਆਪਣੀ ਸੇਵਾ ਸ਼ੁਰੂ ਕੀਤੀ ਅਤੇ ਬਤੌਰ ਉਪ ਮੁੱਖ ਇੰਜੀਨੀਅਰ ਦੇ ਅਹੁਦੇ ਤੱਕ ਪੁੱਜੇ। ਉਨ੍ਹਾਂ 31 ਸਾਲ ਅਤੇ 2 ਮਹੀਨਿਆਂ ਦੀ ਸੇਵਾ ਦੌਰਾਨ ਵੱਖ-ਵੱਖ ਮਹੱਤਵਪੂਰਨ ਅਹੁਦਿਆਂ 'ਤੇ ਬਿਜਲੀ ਖਪਤਕਾਰਾਂ ਨੂੰ ਬਿਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ।

ਉਨ੍ਹਾਂ ਨੂੰ ਇਕ ਸੰਚਾਲਣ ਮਾਹਿਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਉਨ੍ਹਾਂ ਨੇ ਆਪਣੀ ਸਾਰੀ ਸੇਵਾ ਸੰਚਾਲਣ ਖੇਤਰ ਵਿੱਚ ਬਿਜਲੀ ਖਪਤਕਾਰਾਂ ਸਮਰਪਿਤ ਕੀਤੀ।

ਉਨ੍ਹਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਬਤੌਰ ਐਕਸੀਅਨ ਗੁਰਦਾਸਪੁਰ ਖੰਨਾ,ਰਾਜਪੁਰਾ,ਮੰਡੀ ਗੋਬਿੰਦਗੜ੍ਹ, ਅਤੇ ਸਮਾਣਾ ਵਿਖੇ ਬਿਜਲੀ ਖਪਤਕਾਰਾਂ ਨੂੰ ਪਾਏਦਾਰ ਅਤੇ ਨਿਰਵਿਘਨ ਬਿਜਲੀ ਸਪਲਾਈ ਅਤੇ ਬਿਜਲੀ ਖਪਤਕਾਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਾਟਸਅਪ ਗਰੁਪਾਂ ਨੂੰ ਵਿਕਸਿਤ ਕਰਵਾਇਆ।

ਉਨ੍ਹਾਂ ਬਤੌਰ ਨਿਗਰਾਨ ਇੰਜੀਨੀਅਰ ਨੂੰ ਡਾਇਰੈਕਟਰ ਸੰਚਾਲਣ, ਨਿਗਰਾਨ ਇੰਜੀਨੀਅਰ ਟੂ ਡਾਇਰੈਕਟਰ ਐਚ. ਆਰ, ਨਿਗਰਾਨ ਇੰਜੀਨੀਅਰ ਮੈਟੀਰੀਅਲ ਸਰਵਿਸਿਜ਼, ਨਿਗਰਾਨ ਇੰਜੀਨੀਅਰ ਪ੍ਰਾਜੈਕਟਸ ਅਤੇ ਉਪ ਮੁੱਖ ਇੰਜੀਨੀਅਰ ਸੰਚਾਲਣ ਪਟਿਆਲਾ ਸਰਕਲ ਵਜੋਂ ਸੇਵਾਵਾਂ ਦੇਂਦਿਆਂ ਹਮੇਸ਼ਾ ਬਿਜਲੀ ਖਪਤਕਾਰਾਂ ਨੂੰ ਹਮੇਸ਼ਾ ਇਨਸਾਫ ਦਿੱਤਾ।

ਲੇਖਕ ਇੰਜ਼: ਧਨਵੰਤ ਸਿੰਘ ਨੂੰ ਉਨ੍ਹਾਂ ਦੀ ਸੇਵਾ ਮੁਕਤੀ 'ਤੇ ਸ਼ੁਭ ਕਾਮਨਾਵਾਂ ਦੇਂਦਿਆਂ ਉਨ੍ਹਾਂ ਦੇ ਹੋਰ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਾ ਹੈ। ਵਾਹਿਗੁਰੂ ਉਨ੍ਹਾਂ ਨੂੰ ਲੰਮੀ ਅਤੇ ਚੰਗੀ ਸਿਹਤ ਦੀ ਕਾਮਨਾ ਕਰਦਾ ਹੈ। ਇੰਜ਼ ਧਨਵੰਤ ਸਿੰਘ ਨੂੰ ਇਕ ਸੰਚਾਲਣ ਮਾਹਿਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਉਨ੍ਹਾਂ ਨੇ ਆਪਣੀ ਸਾਰੀ ਸੇਵਾ ਸੰਚਾਲਣ ਖੇਤਰ ਵਿੱਚ ਬਿਜਲੀ ਖਪਤਕਾਰਾਂ ਸਮਰਪਿਤ ਕੀਤੀ। ਉਨ੍ਹਾਂ ਬਤੌਰ ਨਿਗਰਾਨ ਇੰਜੀਨੀਅਰ ਨੂੰ ਡਾਇਰੈਕਟਰ ਸੰਚਾਲਣ, ਨਿਗਰਾਨ ਇੰਜੀਨੀਅਰ ਟੂ ਡਾਇਰੈਕਟਰ ਐਚ. ਆਰ, ਨਿਗਰਾਨ ਇੰਜੀਨੀਅਰ ਮੈਟੀਰੀਅਲ ਸਰਵਿਸਿਜ਼, ਨਿਗਰਾਨ ਇੰਜੀਨੀਅਰ ਪ੍ਰਾਜੈਕਟਸ ਅਤੇ ਉਪ ਮੁੱਖ ਇੰਜੀਨੀਅਰ ਸੰਚਾਲਣ ਪਟਿਆਲਾ ਸਰਕਲ ਵਜੋਂ ਸੇਵਾਵਾਂ ਦੇਂਦਿਆਂ ਹਮੇਸ਼ਾ ਬਿਜਲੀ ਖਪਤਕਾਰਾਂ ਨਾਲ ਇਨਸਾਫ ਕੀਤਾ।

# ਨਸ਼ਿਆਂ ਖ਼ਿਲਾਫ਼ ਯੁੱਧ ਸ਼ੁਰੂ ਕਰਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇਰ ਆਈ ਪਰ ਦਰੁਸਤ ਆਈ



ਨਰਿੰਦਰ ਸਿੰਘ ਘੁਮਾਣ
9815472326

ਪੰਜਾਬ ਗੁਰੂਆਂ ਪੀਰਾਂ ਪੈਗੰਬਰਾਂ ਅਤੇ ਰਿਸ਼ੀਆਂ ਮੁਨੀਆਂ ਦੀ ਪਵਿੱਤਰ ਧਰਤੀ, ਉਹ ਧਰਤੀ ਜਿਸ ਧਰਤੀ 'ਤੇ ਅਨੇਕਾਂ ਸੂਰਬੀਰ ਯੋਧਿਆਂ ਨੇ ਜਨਮ ਲਿਆ ਹੈ।ਪੰਜ ਆਬ ਦੀ ਜਿਸ ਵਿੱਚ ਪੰਜ ਦਰਿਆ ਵੱਗਦੇ ਹਨ।ਪਰ ਇਸ ਪੰਜਾਬ ਧਰਤੀ ਦੀ ਨੂੰ ਜਿਵੇਂ ਕਈ ਦਹਾਕਿਆਂ ਤੋਂ ਨਜ਼ਰ ਲੱਗ ਗਈ ਹੋਵੇ। ਅਤੇ ਹੁਣ ਇਸ ਸੂਰਬੀਰ ਯੋਧਿਆਂ ਦੀ ਧਰਤੀ 'ਤੇ ਪੰਜ ਦੀ ਬਜਾਏ ਛੇ ਦਰਿਆ ਵੱਗ ਰਹੇ ਹਨ। ਮੈਂ ਨਹੀਂ ਕਹਿੰਦਾ ਇਹ ਤਾਂ ਪੰਜਾਬ ਦੇ ਸਾਰੇ ਲੋਕ ਕਹਿ ਰਹੇ ਹਨ ਕਿ ਪੰਜਾਬ 'ਚ ਛੇ ਦਰਿਆ ਵੱਗ ਰਹੇ ਹਨ। ਛੇਵਾਂ ਦਰਿਆ ਨਸ਼ਿਆਂ ਦਾ ਦਰਿਆ ਹੈ।ਜਿਸ ਦਰਿਆ ਨੇ ਪੰਜਾਬ ਦੀ ਨੌਜਵਾਨੀ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਅਤੇ ਇਸ ਦਰਿਆ ਨੇ ਅਨੇਕਾਂ ਭੈਣਾਂ ਦੇ ਵੀਰ, ਮਾਵਾਂ ਦੇ ਪੁੱਤ ਅਤੇ ਸੁਹਾਗਣਾਂ ਦੇ ਸੁਹਾਗ ਉਜਾੜ ਦਿੱਤੇ ਹਨ। ਅੱਜ ਪੰਜਾਬ ਵਿੱਚ ਮਾਵਾਂ ਭੈਣਾਂ ਅਤੇ ਧੀਆਂ ਧਾਂਹਾਂ ਮਾਰ ਮਾਰ ਰੋ ਰਹੀਆਂ ਜਿਨ੍ਹਾਂ ਦੇ ਘਰਾਂ ਦੇ ਚਿਰਾਗ ਸਦਾ ਲਈ ਇਸ ਨਸ਼ਿਆਂ ਦੇ ਛੇਵੇਂ ਦਰਿਆ ਨੇ ਬੁਝਾ ਦਿੱਤੇ ਹਨ। ਪੰਜਾਬ ਵਿੱਚ ਨਸ਼ਿਆਂ ਦਾ ਦੌਰ ਏਨਾ ਵੱਧ ਚੁੱਕਾ ਹੈ ਹੁਣ ਤਾਂ ਇਸ ਦੀ ਲਪੇਟ ਵਿੱਚ ਸਾਡੀਆਂ ਨੌਜਵਾਨ ਧੀਆਂ ਆ ਗਈਆਂ ਹਨ। ਜਿਨ੍ਹਾਂ ਦੀਆਂ ਨਸ਼ਿਆਂ ਵਿੱਚ ਗਲਤਾਨ ਹੋਈਆਂ ਦੀ ਕਈ ਵੀਡੀਓ ਵੈਰਿਲ ਹੋਈਆਂ ਹਨ। ਭਗਵੰਤ ਮਾਨ ਸਰਕਾਰ ਨੂੰ ਤਿੰਨ ਸਾਲ ਸੱਤ੍ਹਾ ਵਿੱਚ ਆਇਆ ਨੂੰ ਹੋ ਗਏ ਹਨ। ਚਲੋ ਹੁਣ ਜਾਗ ਖੁੱਲ੍ਹੀ ਕੇ ਪੰਜਾਬ ਦੀ ਨੌਜਵਾਨੀ ਪੀੜ੍ਹੀ ਨਸ਼ਿਆਂ ਨਾਲ ਖਤਮ ਹੋ ਰਹੀ ਹੈ। ਤਾਂ ਸਰਕਾਰ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਚਲੋ ਲੋਕ ਇਹ ਗੱਲ ਤਾਂ ਕਹਿੰਦੇ ਹਨ ਕਿ ਸਰਕਾਰ ਨਸ਼ਿਆਂ ਵਿਰੁੱਧ ਲੇਟ ਆਈ ਪਰ ਦਰੁਸਤ ਆਈ। ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਸ਼ਿਆਂ ਦੀ ਕਮਾਈ ਨਾਲ ਬਣਾਈਆਂ ਆਲੀਸ਼ਾਨ ਕੋਠੀਆਂ ਉੱਪਰ ਬੁਲਡੋਜ਼ਰ ਚਲਾ ਕੇ ਉਨ੍ਹਾਂ ਤਹਿਸ ਨਹਿਸ਼ ਕਰਨਾ ਬਹੁਤ ਵਧੀਆ ਗੱਲ ਹੈ। ਕਿਉਂਕਿ ਏਨਾ ਨਸ਼ਿਆਂ ਦੇ ਸੁਦਾਗਰਾਂ ਨੇ ਨੌਜਵਾਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਕੇ ਅਤੇ ਕਈ ਘਰਾਂ ਦੇ ਚਿਰਾਗ ਬੁਝਾ ਕੇ ਇਹ ਜਾਇਦਾਦਾਂ ਬਣਾਈਆਂ ਹਨ। ਮੈਂ ਆਪਣੀ ਅੱਖੀਂ ਵੇਖਿਆ ਕਿ ਕਿਵੇਂ ਨਸ਼ਿਆਂ ਦੇ ਸੁਦਾਗਰਾਂ ਦੇ ਪ੍ਰੀਵਾਰ ਸਰਕਾਰ ਵੱਲੋਂ ਬੁਲਡੋਜ਼ਰ ਚਲਾਉਣ 'ਤੇ ਦੁਹਾਈ ਪਾਉਂਦੇ ਹਨ। ਭਾਵੇਂ ਕੁਝ ਵੀ ਹੋਵੇ ਪਰ ਪੰਜਾਬ ਦੇ ਲੋਕ ਇਸ ਗੱਲ ਦੀ ਪ੍ਰਸੰਸਾ ਕਰ ਰਹੇ ਹਨ ਕਿ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਇਆ ਜਾ ਰਿਹਾ ਯੁੱਧ ਇਕ ਸ਼ਲਾਘਾਯੋਗ ਕਦਮ ਹੈ।ਪਰ ਦੂਸਰੇ ਪਾਸੇ ਲੋਕਾਂ ਦੀ ਇਹ ਵੀ ਰੈਅ ਹੈ ਕਿ ਪੁਲਿਸ ਪ੍ਰਸ਼ਾਸਨ ਦੀਆਂ ਕਾਲੀਆਂ ਭੇਡਾਂ ਜਿਹੜੀਆਂ ਇਨ੍ਹਾਂ ਨਸ਼ਿਆਂ ਦੇ ਸੌਦਾਗਰਾਂ ਨਾਲ ਰਲੀਆਂ ਹੋਈਆਂ ਅਤੇ ਪ੍ਰਸ਼ਾਸਨ ਦੇ ਜਿਹੜੇ ਅਫਸਰਾਂ ਨੇ ਇਨ੍ਹਾਂ ਨਸ਼ਿਆਂ ਦੇ ਵਪਾਰੀਆਂ ਨਾਲ ਸਬੰਧ ਰੱਖਕੇ ਜਾਇਦਾਦਾਂ ਬਣਾਈਆਂ ਹਨ। ਸਰਕਾਰ ਉਨ੍ਹਾਂ ਕਾਲੀਆਂ ਭੇਡਾਂ ਅਤੇ ਰਿਸ਼ਵਖੋਰ ਅਫਸਰਾਂ ਅਤੇ ਮੁਲਾਜ਼ਮ ਦੀ ਜਾਂਚ ਕਰਕੇ ਉਨ੍ਹਾਂ ਉੱਪਰ ਵੀ ਸ਼ਕੰਜਾ ਕੱਸੇ ਅਤੇ ਉਨ੍ਹਾਂ ਦੇ ਘਰਾਂ ਉਪਰ ਵੀ ਬੁਲਡੋਜ਼ਰ ਚਲਾਏਂ ਜਾਣ ਕਿਉਂਕਿ ਨਸ਼ਾ ਤਸਕਰਾਂ ਨਾਲ ਸਬੰਧ ਰੱਖਣ ਵਾਲੀਆਂ ਪ੍ਰਸ਼ਾਸਨ ਅਤੇ ਰਾਜਨੀਤ ਨਾਲ ਸਬੰਧਿਤ ਕਾਲੀਆਂ ਭੇਡਾਂ ਵੀ ਨੌਜਵਾਨ ਪੀੜੀ ਖ਼ਤਮ ਕਰਨ ਅਤੇ ਲੋਕਾਂ ਦੇ ਘਰਾਂ ਵਿੱਚ ਮੌਤ ਦੇ ਸੱਥਰ ਵਿਛਾਉਣ ਬਰਾਬਰ ਦੀਆਂ ਜ਼ਿੰਮੇਵਾਰ ਹਨ। ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਿਤ ਕਿਉਂ ਨਾ ਹੋਣ। ਲੋਕਾਂ ਦਾ ਕਹਿਣਾ ਕਿ ਪੰਜਾਬ ਵਿੱਚ ਲੁੱਟਾਂ ਖੋਹਾਂ, ਡਕੈਤੀਆਂ, ਕਤਲੇਆਮ, ਅਤੇ ਹੋ ਰਹੇ ਕ੍ਰਾਈਮ ਸਭ ਨਸ਼ਿਆਂ ਦੀ ਦੇਣ ਹੈ। ਜੇਕਰ ਭਗਵੰਤ ਸਰਕਾਰ ਵੱਲੋਂ ਸ਼ੁਰੂ ਕੀਤਾ ਨਸ਼ਿਆਂ ਖ਼ਿਲਾਫ਼ ਯੁੱਧ ਸੁਚੱਜੇ ਢੰਗ ਨਾਲ ਚੱਲਦਾ ਰਿਹਾ ਤਾਂ ਇਸ ਯੁੱਧ ਨਾਲ ਨਸ਼ਿਆਂ ਨੂੰ ਕਾਫੀ ਠੱਲ੍ਹ ਪਵੇਗੀ।ਪਰ ਜੇਕਰ ਇਹ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤਾਂ ਗਿਆ, ਇਹ ਯੁੱਧ ਕੁਝ ਦਿਨਾਂ ਦਾ ਹੈ ਤਾਂ ਸਰਕਾਰ ਨੂੰ ਇਸ ਦਾ 2027 ਦੀਆਂ ਚੋਣਾਂ ਵਿੱਚ ਖਮਿਆਜ਼ਾ ਭੁਗਤਣਾ ਪਵੇਗਾ, ਕਿਉਂਕਿ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਵੱਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਬੰਦ ਕਰਨ ਲਈ ਲੋਕਾਂ ਨੇ ਬਣਾਈ ਸੀ। ਲੋਕਾਂ ਦਾ ਕਹਿਣਾ ਕਿ ਸਰਕਾਰ ਨੇ ਇੰਜੈਕਸ਼ਨ ਲਾਉਣ ਵਾਲਿਆਂ ਸਰਿੰਜਾਂ ਉੱਪਰ ਤਾਂ ਸਖ਼ਤ ਪਾਬੰਦੀ ਲਾਈ ਹੋਈ ਹੈ। ਸਰਕਾਰ ਇਨ੍ਹਾਂ ਸਰਿੰਜਾਂ ਉੱਪਰ ਪਾਬੰਦੀ ਲਾਉਣ ਦੀ ਬਜਾਏ ਇਨਾਂ ਸਰਿੰਜਾਂ ਵਿੱਚ ਪੈਂਦੇ ਨਸ਼ੀਲੇ ਪਦਾਰਥ ਉੱਪਰ ਪਾਬੰਦੀ ਲਾਵੇ ਅਤੇ ਜਦੋਂ ਸਰਿੰਜਾਂ ਵਿੱਚ ਪਾਉਣ ਵਾਲਾ ਨਸ਼ੀਲੇ ਪਦਾਰਥ ਹੀ ਨਹੀਂ ਮਿਲਣਗੇ ਤਾਂ ਸਰਿੰਜਾਂ ਲੈ ਕੇ ਨਸ਼ਿਆਂ ਦਾ ਸੇਵਨ ਕਰ ਵਾਲੇ ਨੌਜਵਾਨ ਇਸ ਕਦੇ ਵੀ ਨਹੀਂ ਖਰੀਦਣਗੇ।ਪੱਤਰਕਾਰਾਂ ਅਤੇ ਬੁੱਧੀਜੀਵੀਆਂ ਦਾ ਹਮੇਸ਼ਾ ਫਰਜ਼ ਬਣਦਾ ਹੈ ਉਹ ਸੱਚ ਲਿਖਣ 'ਤੇ ਪਹਿਰਾ ਦੇਣ ਪੱਤਰਕਾਰਾਂ ਅਤੇ ਬੁੱਧੀਜੀਵਿਆਂ ਦੇ ਲਈ ਸਾਰੀਆਂ ਪਾਰਟੀਆਂ ਸਤਿਕਾਰਯੋਗ ਹੁੰਦੀਆਂ। ਪਰ ਪੱਤਰਕਾਰਾਂ ਦਾ ਫਰਜ਼ ਬਣਦਾ ਲੋਕਾਂ ਦੀਆਂ ਭਾਵਨਾਵਾਂ ਅਤੇ ਮੁੱਦੇ ਸਰਕਾਰਾਂ ਤੱਕ ਪਹੁਚਾਉਣ ਦਾ ਤਾਂ ਜੋ ਸਰਕਾਰਾਂ ਜਾਗਦੀਆਂ ਰਹਿਣ।



# ਫ਼ਿਲਮੀ

## ਤ੍ਰੇਹਨ ਦਾ ਸ਼ਿਵ ਗਾਨ



ਨੋਨਿਕਾ ਸਿੰਘ

ਉੱਘਾ ਫਿਲਮ ਨਿਰਮਾਤਾ ਹਨੀ ਤ੍ਰੇਹਨ ਕਹਿੰਦਾ ਹੈ, "ਮੈਨੂੰ ਪੰਜਾਬ ਦੀ ਹਰ ਚੀਜ਼ ਪਸੰਦ ਹੈ।" ਕਰਤਾਰ ਸਿੰਘ ਦੁੱਗਲ, ਸਰਦਾਰ ਪੰਛੀ, ਸ਼ਿਵ ਕੁਮਾਰ ਬਟਾਲਵੀ ਅਤੇ ਗੁਰਦਾਸ ਮਾਨ ਅਤੇ ਅਮਰ ਸਿੰਘ ਚਮਕੀਲਾ ਵਰਗੇ ਪ੍ਰਸਿੱਧ ਲੇਖਕਾਂ ਅਤੇ ਗਾਇਕਾਂ ਦੀ ਸਾਹਿਤਕ ਪ੍ਰਤਿਭਾ ਨੂੰ ਸੁਣ ਕੇ ਵੱਡੇ ਹੋਏ ਤ੍ਰੇਹਨ ਨੂੰ ਪੰਜਾਬ ਵੱਲੋਂ ਦੁਨੀਆ ਅੱਗੇ ਪੇਸ਼ ਕੀਤੀ ਅਮੀਰੀਅਤ 'ਤੇ ਮਾਣ ਹੈ। ਇੱਕ ਉੱਘਾ ਕਹਾਣੀਕਾਰ, ਜੋ ਜ਼ਿੰਦਗੀ ਅਤੇ ਇਤਿਹਾਸ 'ਤੇ ਨਵੇਂ ਦ੍ਰਿਸ਼ਟੀਕੋਣ ਨਾਲ ਕਹਾਣੀਆਂ ਸੁਣਾਉਣ ਵਿੱਚ ਰੁਮਾਂਚਕ ਮਹਿਸੂਸ ਕਰਦਾ ਹੈ, ਉਹ ਕਹਿੰਦਾ ਹੈ, "ਜਦੋਂ ਕਹਾਣੀ ਪੰਜਾਬ ਦੀ ਹੋਵੇ ਤਾਂ ਉਹ ਸਭ ਤੋਂ ਵੱਡੀ ਖੁਸ਼ੀ ਵਾਲੀ ਗੱਲ ਹੁੰਦੀ ਹੈ।" ਕਾਰਗਿਲ ਯੁੱਧ ਦੇ ਅਨੁਭਵੀ ਮੇਜਰ (ਸੇਵਾਮੁਕਤ) ਡੀ.ਪੀ. ਸਿੰਘ 'ਤੇ ਆਪਣੇ ਨਵੇਂ ਫਿਲਮ ਪ੍ਰਾਜੈਕਟ ਨੂੰ ਲੈ ਕੇ ਵੀ ਉਸ ਨੇ ਗੱਲ ਕੀਤੀ, ਜਿਸ ਨੇ ਅਪਾਹਜਤਾ ਤੋਂ ਉੱਪਰ ਉੱਠ ਕੇ ਕੰਮ ਕਰਨਾ ਸਿੱਖਿਆ ਅਤੇ ਭਾਰਤ ਦਾ ਪਹਿਲਾ ਬਲੇਡ ਰਨਰ ਬਣਿਆ। ਡੀ.ਪੀ. ਸਿੰਘ 'ਤੇ ਇਹ ਪ੍ਰਾਜੈਕਟ ਸਿਨੇਵੈਸਚਰ ਇੰਟਰਨੈਸ਼ਨਲ ਫਿਲਮ ਫੈਸਟੀਵਲ ਮਾਰਕੀਟ ਦਾ ਹਿੱਸਾ ਹੈ। ਉਸ ਨੇ ਦੱਸਿਆ ਕਿ ਇੱਕ ਚੰਗੀ ਬਾਇਓਪਿਕ ਕੀ ਹੁੰਦੀ ਹੈ ਅਤੇ ਡੀ.ਪੀ. ਸਿੰਘ ਵਰਗੇ ਕੁਝ ਆਲਮੀ ਵਿਸ਼ਿਆਂ ਨੂੰ ਸੀਆਈਐਫਐਫ ਵਰਗੇ ਅੰਤਰਰਾਸ਼ਟਰੀ ਫੈਸਟੀਵਲਾਂ ਵਿੱਚ ਪੇਸ਼ ਕਰਨ ਦੀ ਕਿਉਂ ਲੋੜ ਹੈ। ਉਸ ਨੇ ਮਸ਼ਹੂਰ ਸ਼ਾਇਰ ਸ਼ਿਵ ਕੁਮਾਰ ਬਟਾਲਵੀ 'ਤੇ ਆਪਣੀ ਫਿਲਮ ਬਾਰੇ ਵੀ ਗੱਲ ਕੀਤੀ ਜੋ ਅਜੇ ਲਿਖਣ ਦੇ ਪੜਾਅ ਵਿੱਚ ਹੈ। ਉਸ ਨੇ ਦੱਸਿਆ ਕਿ ਇਹ ਫਿਲਮ ਸ਼ਿਵ ਕੁਮਾਰ ਬਟਾਲਵੀ ਦੀਆਂ ਬਹੁਤ ਸਾਰੀਆਂ 'ਸੱਚਾਈਆਂ' ਸਾਹਮਣੇ ਲਿਆਏਗੀ ਜਿਨ੍ਹਾਂ ਦੀ ਸ਼ਾਇਰੀ ਨੇ ਸਾਡੀਆਂ ਪੀੜ੍ਹੀਆਂ ਨੂੰ ਮੋਹ ਲਿਆ ਹੈ, ਪਰ ਮੇਜਰ ਡੀ.ਪੀ. ਸਿੰਘ ਦੀ ਕਹਾਣੀ ਵੀ ਘੱਟ ਪ੍ਰੇਰਨਾਦਾਇਕ ਨਹੀ ਹੈ। ਫਿਲਮ 'ਪੰਜਾਬ 95' ਅਤੇ 'ਰਾਤ ਅਕੇਲੀ ਹੈ' ਦੇ ਨਿਰਦੇਸ਼ਕ ਤ੍ਰੇਹਨ ਦਾ ਕਹਿਣਾ ਹੈ, "ਹਰ ਨਵੀ ਕਹਾਣੀ ਦੇ ਨਾਲ ਹਰ ਫਿਲਮ ਨਿਰਮਾਤਾ ਉਸ ਖ਼ਾਸ ਕਹਾਣੀ ਲਈ ਪਹਿਲੀ ਵਾਰ ਨਿਰਮਾਤਾ ਹੁੰਦਾ ਹੈ। ਹਾਲਾਂਕਿ, ਅਜਿਹਾ ਕੋਈ ਵੀ ਵਿਅਕਤੀ ਨਹੀ ਹੈ ਜੋ ਕਿਸੇ ਨਵੇਂ ਪ੍ਰਾਜੈਕਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਘਬਰਾਇਆ ਨਾ ਹੋਵੇ। ਅਸੀ ਸਾਰੇ ਨਵੀ ਫਿਲਮ ਦੇ ਸੈੱਟ 'ਤੇ ਇਸ ਤਰ੍ਹਾਂ ਜਾਂਦੇ ਹਾਂ ਜਿਵੇਂ ਸਾਨੂੰ ਕੁਝ ਵੀ ਪਤਾ ਨਾ ਹੋਵੇ ਅਤੇ ਦੁਬਿਧਾ ਸਾਧਾਰਨ ਜਿਹੀਆਂ ਦਿਖਣ ਵਾਲੀਆਂ ਚੀਜ਼ਾਂ ਤੋਂ ਸ਼ੁਰੂ ਹੁੰਦੀ ਹੈ, ਜਿਵੇਂ ਕਿ ਕੈਮਰਾ ਕਿੱਥੇ ਰੱਖੀਏ।" ਹਾਲਾਂਕਿ, ਇਸ ਵਿੱਚ ਕੋਈ ਸ਼ੱਕ ਨਹੀ ਹੈ ਕਿ ਪ੍ਰਸਿੱਧ ਫਿਲਮ ਨਿਰਮਾਤਾ ਵਿਸ਼ਾਲ ਭਾਰਦਵਾਜ ਦੇ ਮਾਰਗਦਰਸ਼ਨ ਵਿੱਚ ਤ੍ਰੇਹਨ ਬਹੁਤ ਪੇਸ਼ੇਵਰ ਹੈ। ਜੇਕਰ ਆਪਣੇ 'ਅਸਲ ਗੁਰੂ' ਲਈ ਉਸ ਨੇ ਕਈ ਸਮਰੱਥਾਵਾਂ (ਐਸੋਸੀਏਟ ਡਾਇਰੈਕਟਰ ਤੋਂ ਲੈ ਕੇ ਸਿਰਜਣਾਤਮਕ ਨਿਰਮਾਤਾ ਤੱਕ) ਵਿੱਚ ਕੰਮ ਕੀਤਾ ਹੈ, ਤਾਂ ਤ੍ਰੇਹਨ ਕੋਲ ਖੁਦ ਇੱਕ ਨਿਰਮਾਤਾ ਦੇ ਰੂਪ ਵਿੱਚ ਵਿਸ਼ਾਲ ਕੰਮ ਹਨ। ਉਸ ਨੇ ਵਿਸ਼ਵਾਸ ਦਿਵਾਇਆ ਕਿ ਡੀ.ਪੀ. ਸਿੰਘ 'ਤੇ ਬਣਨ ਵਾਲੀ ਫਿਲਮ, ਕਾਲਕ੍ਰਮਿਕ ਘਟਨਾਵਾਂ ਦਾ ਨਿਯਮਤ ਖਾਕਾ ਨਹੀ ਹੋਵੇਗੀ। ਜੇਕਰ ਜਸਵੰਤ ਸਿੰਘ ਖਾਲੜਾ (ਪੰਜਾਬ 95) ਦੀ ਕਹਾਣੀ ਸਕੂਲ ਦੇ ਦਿਨਾਂ ਤੋਂ ਹੀ ਉਸ ਦੇ ਦਿਮਾਗ 'ਚ ਸੀ ਤਾਂ ਡੀ.ਪੀ. ਸਿੰਘ 'ਤੇ ਫਿਲਮ ਬਣਾਉਣ ਲਈ ਉਸ ਨੇ ਚੰਡੀਗੜ੍ਹ ਦੇ ਇੱਕ ਹੋਟਲ 'ਚ ਇੱਕ ਮਿੰਟ ਲਈ ਵੀ ਹੋਟਲ ਤੋਂ ਬਾਹਰ ਨਿਕਲੇ ਬਿਨਾਂ ਚਾਰ ਦਿਨਾਂ ਤੱਕ ਲਗਾਤਾਰ 14 ਘੰਟੇ ਤੱਕ ਉਸ ਬਹਾਦਰ ਸੈਨਿਕ ਨਾਲ ਗੱਲ ਕੀਤੀ। ਉਸ ਦਾ ਕਹਿਣਾ ਹੈ, "ਬਾਇਓਪਿਕ ਕਿਸੇ ਵਿਅਕਤੀ ਦੀ ਜ਼ਿੰਦਗੀ ਦੇ ਸਿਰਫ਼ ਚਾਰ ਜਾਂ ਛੇ ਮੁੱਖ ਬਿੰਦੂ ਨਹੀ ਹੁੰਦੇ। ਮੇਰੇ ਲਈ ਜੋ ਮਹੱਤਵਪੂਰਨ ਹੈ ਉਹ ਹੈ ਚਰਿੱਤਰ ਦਾ ਵਿਕਾਸ, ਉਹ ਸਫ਼ਰ ਜਿਸ ਨੇ ਉਸ ਨੂੰ ਉਹ ਬਣਾਇਆ ਜੋ ਉਹ ਹੈ।" ਬਟਾਲਵੀ ਦੀ ਬਾਇਓਪਿਕ ਲਈ ਉਹ ਉਦੋਂ ਤੋਂ ਪਰਿਵਾਰ ਦੇ ਸੰਪਰਕ ਵਿੱਚ ਹੈ ਜਦੋਂ ਤੋਂ ਉਸ ਨੇ ਬਟਾਲਵੀ ਦੇ ਬੇਟੇ ਮੇਹਰਬਾਨ ਬਟਾਲਵੀ ਤੋਂ 'ਉੜਤਾ ਪੰਜਾਬ' ਫਿਲਮ ਲਈ ਗੀਤ 'ਇੱਕ ਕੁੜੀ' ਦੇ ਅਧਿਕਾਰ ਲਏ ਸਨ। ਉਸ ਨੇ ਦੱਸਿਆ ਕਿ ਕਿਸ ਤਰ੍ਹਾਂ ਪਰਿਵਾਰ ਨੇ ਉਸ ਦਾ ਭਰਪੂਰ ਸਾਥ ਦਿੱਤਾ। ਪਰ ਜਦੋਂ ਪਰਿਵਾਰ ਇਸ ਵਿੱਚ ਸ਼ਾਮਲ ਹੋ ਜਾਂਦਾ ਹੈ, ਤਾਂ ਕੀ ਇਸ ਵਿੱਚ ਬੇਲੋੜੀ ਦਖਲਅੰਦਾਜ਼ੀ ਦਾ ਖ਼ਤਰਾ ਨਹੀ ਹੁੰਦਾ? ਤ੍ਰੇਹਨ ਇਸ ਗੱਲ ਨਾਲ ਸਹਿਮਤ ਨਹੀ ਹੈ ਅਤੇ ਕਹਿੰਦਾ ਹੈ, "ਅਰੁਣਾ ਆਂਟੀ (ਬਟਾਲਵੀ ਦੀ ਪਤਨੀ) ਬਹੁਤ ਗਹਿਰੇ ਵਿਚਾਰਾਂ ਵਾਲੀ ਬਹੁਤ ਪਰਿਪੱਕ ਔਰਤ ਹੈ। ਪੂਰਾ ਪਰਿਵਾਰ ਇਹੀ ਚਾਹੁੰਦਾ ਹੈ ਕਿ ਉਨ੍ਹਾਂ ਦੇ ਨਾਮ ਦਾ ਸ਼ੋਸ਼ਣ ਜਾਂ ਕੋਈ ਹੇਰ-ਫੇਰ ਨਾ ਹੋਵੇ। ਅੱਜ ਦੀ ਪੀੜ੍ਹੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕੀ ਲਿਖਿਆ ਸੀ।" ਇਤਫਾਕਨ, ਤ੍ਰੇਹਨ ਨੂੰ ਯਾਦ ਨਹੀ ਕਿ ਕਦੋਂ ਉਸ ਨੂੰ ਸ਼ਿਵ ਕੁਮਾਰ ਬਟਾਲਵੀ ਦੀ ਕਾਵਿਕ ਪ੍ਰਤਿਭਾ ਨਾਲ ਪਿਆਰ ਹੋ ਗਿਆ ਸੀ। ਅੱਜ, ਜਦੋਂ ਉਸ ਨੇ ਇਸ ਉੱਘੇ ਸ਼ਾਇਰ ਨੂੰ ਵੱਡੇ ਪਰਦੇ 'ਤੇ ਲਿਆਉਣ ਦਾ ਫੈਸਲਾ ਕੀਤਾ ਹੈ ਤਾਂ ਕੀ ਉਸ ਦੇ ਮਨ ਵਿੱਚ ਕੋਈ ਅਦਾਕਾਰ ਹੈ ਜੋ ਬਟਾਲਵੀ ਦਾ ਪਰਦੇ 'ਤੇ ਚਿਹਰਾ ਬਣੇਗਾ। ਉਹ ਕਹਿੰਦਾ ਹੈ, "ਜਦੋਂ ਮੈਂ ਹੁਣ ਫਿਲਮ ਲਿਖ ਰਿਹਾ ਹਾਂ ਤਾਂ ਮੇਰੇ ਮਨ ਵਿੱਚ ਸਿਰਫ਼ ਸ਼ਿਵ ਦੀ ਹੀ ਤਸਵੀਰ ਹੈ।" ਪਰ ਉਹ ਦਾਅਵੇ ਨਾਲ ਕਹਿੰਦਾ ਹੈ ਕਿ ਇਹ ਫਿਲਮ 'ਇੱਕ ਸ਼ਿਵ ਪ੍ਰਸ਼ੰਸਕ' ਵੱਲੋਂ ਸ਼ਿਵ ਦੇ ਸਾਰੇ ਪ੍ਰਸ਼ੰਸਕਾਂ ਲਈ ਤੋਹਫ਼ਾ ਹੋਵੇਗੀ। ਤ੍ਰੇਹਨ ਨੇ ਆਪਣੇ ਨਿਰਦੇਸ਼ਨ ਵਿੱਚ ਫਿਲਮ 'ਪੰਜਾਬ 95' ਵਿੱਚ ਸਿੱਖਾਂ ਦੇ ਕਤਲੇਆਮ ਖਿਲਾਫ਼ ਆਵਾਜ਼ ਉਠਾਉਣ ਵਾਲੇ ਸਿੱਖ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਜੀਵੰਤ ਕੀਤਾ ਹੈ। ਇਸ ਵਿੱਚ ਦਿਲਜੀਤ ਦੋਸਾਂਝ ਨੇ ਮੁੱਖ ਭੂਮਿਕਾ ਨਿਭਾਈ ਹੈ। 'ਪੰਜਾਬ 95' ਨੂੰ ਰਿਲੀਜ਼ ਕਰਨ ਦੀ ਮਿਤੀ ਵਾਰ-ਵਾਰ ਮੁਲਤਵੀ ਹੋਣ 'ਤੇ ਤ੍ਰੇਹਨ ਦਾ ਕਹਿਣਾ ਹੈ, "ਇਹ ਕੋਈ ਪ੍ਰਾਪੇਗੰਡਾ ਫਿਲਮ ਨਹੀ ਹੈ, ਇਸ ਲਈ ਇਹ ਸਿਸਟਮ ਨੂੰ ਪਰੇਸ਼ਾਨ ਕਰਦੀ ਹੈ।" ਉਸ ਨੂੰ ਇਸ ਗੱਲ ਤੋਂ ਚਿੜ ਹੈ ਕਿ ਸੀਬੀਐੱਫਸੀ ਜੋ 'ਸਿਨੇਮਾ ਵਿੱਚ ਸਰਕਾਰ ਦੀ ਕਠਪੁਤਲੀ ਅਤੇ ਪਿਛਲੇ ਦਰਵਾਜ਼ੇ ਤੋਂ ਪ੍ਰਵੇਸ਼ ਕਰਨ ਵਾਲੀ ਸੰਸਥਾ ਹੈ' ਉਹ ਗੈਰ ਜ਼ਰੂਰੀ ਕੱਟਾਂ ਦੀ ਮੰਗ ਕਰ ਰਹੀ ਹੈ ਅਤੇ ਨਿਰਮਾਤਾਵਾਂ 'ਤੇ ਬੇਲੋੜਾ ਦਬਾਅ ਪਾ ਰਹੀ ਹੈ। ਉਹ ਕਹਿੰਦਾ ਹੈ ਕਿ ਫਿਲਮ ਵੀ ਇੱਕ ਕਾਰੋਬਾਰ ਹੈ। ਹਰ ਵਾਰ ਜਦੋਂ ਉਹ ਅਤੇ ਮੈਕਗਫਿਨ ਪਿਕਚਰਜ਼ ਵਿੱਚ ਉਨ੍ਹਾਂ ਦੇ ਪ੍ਰੋਡਕਸ਼ਨ ਪਾਰਟਨਰ ਅਤੇ ਉੱਘੇ ਨਿਰਦੇਸ਼ਕ ਅਭਿਸ਼ੇਕ ਚੌਬੇ, ਕੋਈ ਫਿਲਮ ਬਣਾਉਣ ਦੀ ਯੋਜਨਾ ਬਣਾਉਂਦੇ ਹਨ, ਤਾਂ ਤ੍ਰੇਹਨ ਇਹ ਯਕੀਨੀ ਬਣਾਉਂਦਾ ਹੈ ਕਿ ਉਨ੍ਹਾਂ ਦੇ ਵਿੱਤੀ ਹਿੱਤਧਾਰਕ ਘੱਟੋ-ਘੱਟ ਆਪਣਾ ਪੈਸਾ ਵਸੂਲ ਕਰਨ। ਦਿਲਚਸਪ ਗੱਲ ਇਹ ਹੈ ਕਿ ਆਪਣੀਆਂ ਫਿਲਮਾਂ ਦੀ ਸੁਰੱਖਿਆ ਲਈ ਉਹ ਖ਼ੁਦ ਨਿਰਮਾਤਾ ਬਣ ਗਿਆ ਹੈ। ਉਹ ਹੱਸਦਾ ਹੋਇਆ ਕਹਿੰਦਾ ਹੈ, "ਇਸ ਲਈ ਸਾਨੂੰ ਫਿਲਮ ਦੇ ਅੰਤ ਵਿੱਚ ਗੀਤ ਪਾਉਣ ਲਈ ਮਜਬੂਰ ਨਹੀ ਕੀਤਾ ਜਾਂਦਾ।" ਇੱਕ ਹੀ ਫਿਲਮ ਲਈ ਕਈ ਨਿਰਮਾਤਾਵਾਂ ਨਾਲ ਮਿਲ ਕੇ ਕੰਮ ਕਰਨ ਦੇ ਹਾਲ ਹੀ ਦੇ ਰੁਝਾਨ ਬਾਰੇ ਉਹ ਕਹਿੰਦਾ ਹੈ, "ਸਾਡੇ ਵੱਖ-ਵੱਖ ਪ੍ਰਾਜੈਕਟਾਂ ਲਈ ਸਾਡੀ ਵੱਖ-ਵੱਖ ਸਾਂਝੇਦਾਰੀ ਹੈ। ਜਿਵੇਂ ਕਿ 'ਕਿਲਰ ਸੂਪ' ਅਤੇ 'ਰਾਤ ਅਕੇਲੀ ਹੈ' ਲਈ ਨੈੱਟਫਲਿਕਸ ਸੀ, 'ਪੰਜਾਬ 95' ਲਈ ਇਹ ਰੋਨੀ ਸਕ੍ਰੂਵਾਲਾ ਦੀ ਆਰਐੱਸਵੀਪੀ ਅਤੇ ਸ਼ਰਮਾਜੀ ਨਮਕੀਨ ਐਕਸਲ ਸੁਭਾਵਿਕ ਸਹਿਯੋਗੀ ਸੀ।"

## ਪੰਜਾਬੀ ਸਿਨੇਮਾ: ਪੰਜਾਬੀ ਭਾਸ਼ਾ ਦੀ ਪਹਿਲੀ ਫਿਲਮ ਕਿਹੜੀ ਸੀ ਅਤੇ ਕਿਉਂ ਪਹਿਲੀ ਵਾਰ ਅਧੂਰੀ ਰਹਿ ਗਈ ਸੀ

ਮਨਦੀਪ ਸਿੰਘ ਸਿੱਧੂ

ਪੰਜਾਬੀ ਸਿਨੇਮਾ ਦੇ ਇਤਿਹਾਸ ਉੱਤੇ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਪੰਜਾਬੀ ਸਿਨੇਮਾ ਆਪਣੇ ਹਮ-ਰੁਤਬਾ ਹਿੰਦੀ ਸਿਨੇਮਾ ਤੋਂ ਮਹਿਜ਼ ਚਾਰ ਸਾਲ ਹੀ ਛੋਟਾ ਹੈ। ਜਿਵੇਂ ਮੁੰਬਈ ਨੂੰ ਹਿੰਦੀ ਸਿਨੇਮਾ ਦੀ ਰਾਜਧਾਨੀ ਕਿਹਾ ਜਾਂਦਾ ਹੈ, ਉਵੇਂ ਮਹਾ-ਪੰਜਾਬ ਦਾ ਲਾਹੌਰ ਸ਼ਹਿਰ ਪੰਜਾਬੀ ਸਿਨੇਮਾ ਦੀ ਰਾਜਧਾਨੀ ਹੁੰਦਾ ਸੀ। ਪੰਜਾਬੀ ਫ਼ਿਲਮ ਇਤਿਹਾਸ ਦੀ ਪਹਿਲੀ ਤਾਰੀਖ਼ੀ ਫ਼ਿਲਮ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ-ਸਾਹਿਬਾਂ' ਸੀ। ਪੰਜਾਬੀ ਸਿਨੇਮਾ ਦਾ ਦੌਰ ਸਾਂਝੇ ਪੰਜਾਬ ਦੇ ਲਾਹੌਰ ਤੋਂ ਸ਼ੁਰੂ ਹੋਇਆ। ਲਾਹੌਰ ਵਿੱਚ ਬਣਨ ਵਾਲੀ ਪਹਿਲੀ ਚੁੱਪ ਫ਼ਿਲਮ 'ਡਾਟਰਜ਼ ਆਫ਼ ਟੂਡੇ' ਉਰਫ਼ 'ਪ੍ਰੇਮ ਪ੍ਰੀਕਸ਼ਾ' ਸੀ। ਇਸ ਫ਼ਿਲਮ ਦੇ ਫ਼ਿਲਮਸਾਜ਼ ਤੇ ਡਾਇਰੈਕਟਰ ਗੋਪਾਲ ਕ੍ਰਿਸ਼ਨ ਮਹਿਤਾ ਸਨ। ਇਹ ਫ਼ਿਲਮ 5 ਜਨਵਰੀ 1929 ਨੂੰ ਇੰਪੀਰੀਅਲ ਸਿਨੇਮਾ, ਲਮਿੰਗਟਨ ਰੋਡ, ਬੰਬੇ (ਮੁੰਬਈ) ਵਿਖੇ ਰਿਲੀਜ਼ ਹੋਈ ਸੀ। ਸਾਲ 1927 ਵਿੱਚ ਇਸ ਫ਼ਿਲਮ ਦੀ ਦਰਸ਼ਕਾਂ ਅੱਗੇ ਪੇਸ਼ਕਾਰੀ ਹੋਣ ਤੋਂ ਇੱਕ ਸਾਲ ਪਹਿਲਾਂ ਪੰਜਾਬ ਦਾ ਪਹਿਲਾ ਸੈਂਸਰ ਬੋਰਡ ਲਾਹੌਰ, ਪੰਜਾਬ ਵਿੱਚ ਬਣ ਚੁੱਕਿਆ ਸੀ। ਇਸ ਬੋਰਡ ਦੇ 12 ਮੈਂਬਰ ਸਨ।

### ਪੰਜਾਬੀ ਸਿਨੇਮਾ ਦਾ ਆਗਾਜ਼

ਪੰਜਾਬ ਵਿੱਚ ਬਣਨ ਵਾਲੀ ਪਹਿਲੀ ਬੋਲਦੀ ਹਿੰਦੀ ਫ਼ੀਚਰ ਫ਼ਿਲਮ ਪਲੇਆਰਟ ਫੋਟੋਟੋਨ, ਲਾਹੌਰ ਦੀ 'ਹੀਰ ਰਾਂਝਾ' ਉਰਫ਼ 'ਹੂਰ-ਏ-ਪੰਜਾਬ'(1932) ਸੀ, ਜਿਸ ਦੇ ਫ਼ਿਲਮਸਾਜ਼ ਤੇ ਹਿਦਾਇਤਕਾਰ ਏ. ਆਰ. ਕਾਰਦਾਰ (ਅਬਦੁੱਲ ਰਸ਼ੀਦ ਕਾਰਦਾਰ) ਸਨ। ਇਹ ਫ਼ਿਲਮ 9 ਸਤੰਬਰ 1932 ਨੂੰ ਕੈਪੀਟਲ ਥੀਏਟਰ, ਮੈਕਲੋਡ ਰੋਡ, ਲਾਹੌਰ ਵਿੱਚ ਪੇਸ਼ ਕੀਤੀ ਗਈ ਸੀ। 1932 ਵਿੱਚ ਜਦੋਂ ਲਾਹੌਰ ਵਿੱਚ ਬੋਲਦੀਆਂ ਹਿੰਦੀ ਫ਼ਿਲਮਾਂ ਦਾ ਦੌਰ ਸ਼ੁਰੂ ਹੋਇਆ ਤਾਂ ਕੇ. ਡੀ. ਮਹਿਰਾ (ਕ੍ਰਿਸ਼ਨ ਦੇਵ ਮਹਿਰਾ) ਨੇ ਵੀ ਪੰਜਾਬੀ ਜ਼ੁਬਾਨ ਵਿੱਚ ਫ਼ਿਲਮ ਬਣਾਉਣ ਦਾ ਮਨਸੂਬਾ ਘੜਿਆ। ਇਸੇ ਦੀਆਂ ਕੋਸ਼ਿਸ਼ਾਂ ਤਹਿਤ ਉਹ ਲਾਹੌਰ ਤੋਂ ਕਲਕੱਤੇ ਗਏ ਸਨ। ਇਸੇ ਦੌਰਾਨ ਸਾਲ 1932 ਵਿੱਚ ਫ਼ਿਲਮਸਾਜ਼ ਬੋਮਨ ਆਰਟ੍ਰੀਸ਼ਨ (ਬੋਮਨ ਸ਼ਰਾਫ਼) ਦੇ ਫ਼ਿਲਮਸਾਜ਼ ਅਦਾਰੇ 'ਹਿੰਦਮਾਤਾ ਸਿਨੇਟੋਨ ਕੰਪਨੀ', ਬੰਬੇ ਨੇ ਪੰਜਾਬੀ ਜ਼ੁਬਾਨ ਵਿੱਚ ਫ਼ਿਲਮ ਬਣਾਉਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਫ਼ਿਲਮ ਨੂੰ ਪੰਜਾਬ ਵਿੱਚ ਮਕਬੂਲ ਕਰਨ ਲਈ ਪੰਜਾਬ ਦੇ ਕਿਸੇ ਮੁਹੱਬਤੀ ਅਫ਼ਸਾਨੇ ਉੱਤੇ ਫ਼ਿਲਮ ਬਣਾਉਣ ਦਾ ਸੋਚਿਆ। ਇਸ ਖ਼ੁਆਬ ਨੂੰ ਪੂਰਾ ਕਰਨ ਲਈ ਤਮਾਮ ਟੀਮ ਬੰਬੇ (ਮੁੰਬਈ) ਤੋਂ ਲਾਹੌਰ ਪਹੁੰਚੀ।

### ਫ਼ਿਲਮ ਦੀ ਸ਼ੂਟਿੰਗ

27 ਜੂਨ 1933 ਨੂੰ ਲਾਹੌਰ ਤੋਂ ਛਪਦੇ ਉਰਦੂ ਅਖ਼ਬਾਰ ਰੋਜ਼ਨਾਮਾ 'ਇਨਕਲਾਬ' ਵਿੱਚ ਛਪੀ ਰਿਪੋਰਟ ਮੁਤਾਬਕ ਪੰਜਾਬ ਦੀ ਮਸ਼ਹੂਰ ਲੋਕ ਦਾਸਤਾਨ 'ਮਿਰਜ਼ਾ ਸਾਹਿਬਾਂ' ਉੱਤੇ ਫ਼ਿਲਮ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਲਾਹੌਰ ਵਿੱਚ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋ ਗਈ। ਇਸ ਦੇ ਪਹਿਲੇ ਹਿਦਾਇਤਕਾਰ ਐੱਨ. ਬੁਲਚੰਦਾਨੀ (ਬੀ.ਏ.) ਸਨ, ਜੋ ਕਿ ਸਿੰਧੀ ਮੂਲ ਦੇ ਸਨ ਪਰ ਪੰਜਾਬੀ ਜ਼ੁਬਾਨ ਵਿੱਚ ਮੁਹਾਰਤ ਨਾ ਹੋਣ ਕਰਕੇ ਉਨ੍ਹਾਂ ਨੇ ਫ਼ਿਲਮ ਨੂੰ ਅਧੂਰਾ ਹੀ ਛੱਡ ਦਿੱਤਾ ਸੀ।




### ਦੁਬਾਰਾ ਚਾਰਾਜੋਈ ਨਾਲ ਫਿਲਮ ਬਣੀ

17 ਦਸੰਬਰ 1933 ਨੂੰ ਰੋਜ਼ਨਾਮਾ 'ਇਨਕਲਾਬ' ਵਿੱਚ ਛਪੇ ਇਸ਼ਤਿਹਾਰ ਉੱਤੇ ਦਰਜ ਇਬਾਰਤ ਅਨੁਸਾਰ ਇਸ ਮਗਰੋਂ ਇਸ ਫ਼ਿਲਮ ਦੀ ਕਮਾਂਡ ਮਾਰੂਫ਼ ਪੰਜਾਬੀ ਹਿਦਾਇਤਕਾਰ ਜੀ. ਆਰ. ਸੇਠੀ ਦੇ ਹੱਥ ਆ ਗਈ। ਉਹ ਪਿੰਡ ਦਾਦਨ ਖ਼ਾਨ ਨਾਲ ਸਬੰਧਤ ਸਨ ਅਤੇ ਮਸ਼ਹੂਰ ਚਰਿੱਤਰ ਅਦਾਕਾਰ ਜਗਦੀਸ਼ ਸੇਠੀ ਦੇ ਵੱਡੇ ਭਰਾ ਸਨ। ਫਿਰ ਪੰਜਾਬ ਦੀ ਸਰਜ਼ਮੀਨ ਉੱਤੇ ਇਸ ਫ਼ਿਲਮ ਦੀ ਸ਼ੂਟਿੰਗ ਦੁਬਾਰਾ ਸ਼ੁਰੂ ਹੋਈ। 'ਹਿੰਦਮਾਤਾ ਸਿਨੇਟੋਨ ਕੰਪਨੀ' ਨੇ ਦੋ ਸਾਲਾਂ ਤੱਕ ਇਸ ਫ਼ਿਲਮ ਲਈ ਖ਼ਾਸਾ ਪੈਸਾ ਖ਼ਰਚ ਕੀਤਾ। ਪੰਜਾਬ ਦੇ ਵੱਡੇ-ਵੱਡੇ ਮਸ਼ਹੂਰ ਸ਼ਹਿਰਾਂ ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਝੰਗ ਅਤੇ ਗੁਰਦਾਸਪੁਰ ਵਿਚੋਂ ਸੋਹਣੇ-ਸੋਹਣੇ ਨਜ਼ਾਰੇ ਤੇ ਸੀਨ ਲਏ ਗਏ ਅਤੇ ਪੰਜਾਬੀਅਤ ਦੀ ਉਮਦਾ ਪੇਸ਼ਕਾਰੀ ਕੀਤੀ ਗਈ। ਇਸ ਫਿਲਮ ਵਿੱਚ 'ਮਿਰਜ਼ੇ' ਦਾ ਟਾਈਟਲ ਕਿਰਦਾਰ ਪੰਜਾਬ ਦੇ ਨਾਮਵਰ ਲੋਕ ਗਵੱਈਏ ਤੇ ਰਬਾਬੀ ਭਾਈ ਦੇਸਾ 'ਅੰਮ੍ਰਿਤਸਰ' (ਐੱਚ.ਐੱਮ.ਵੀ.) ਨੇ ਕੀਤਾ ਸੀ ਅਤੇ ਸਾਹਿਬਾਂ ਦਾ ਕਿਰਦਾਰ ਤਹਿਸੀਲ ਚੂਨੀਆਂ, ਜ਼ਿਲ੍ਹਾ ਲਾਹੌਰ ਦੀ ਪੰਜਾਬਣ ਮੁਟਿਆਰ ਮਿਸ ਖ਼ੁਰਸ਼ੀਦ ਬਾਨੋ ਨੇ ਅਦਾ ਕੀਤਾ ਸੀ। ਇਸ ਫ਼ਿਲਮ ਵਿੱਚ ਪਹਿਲੀ ਵਾਰ ਪੰਜਾਬ ਦੇ ਮਸ਼ਹੂਰ ਲੋਕ ਗਵੱਈਏ ਭਾਈ ਛੈਲਾ, (ਪਟਿਆਲਾ ਵਾਲੇ) ਨੇ ਵੀ ਅਹਿਮ ਭੂਮਿਕਾ ਨਿਭਾਈ ਸੀ। ਜਦੋਂ ਕਿ ਦੂਜੇ ਫ਼ਨਕਾਰਾਂ ਵਿੱਚ ਮਿਸ ਸਰਲਾ (ਨੂਰੀ), ਮਿਸਟਰ ਸੋਹਨ ਲਾਲ (ਖੀਵੇ ਖ਼ਾਨ), ਇਨਾਇਤ ਜਾਨ (ਰਹਿਮਤ), ਮਿਸਟਰ ਪਰਵੇਜ਼ ਸ਼ੰਮੀ (ਸ਼ਮੀਰ) ਹੋਰ ਕਿਰਦਾਰ ਅਦਾ ਕਰ ਰਹੇ ਸਨ। ਫ਼ਿਲਮ ਦੀ ਕਹਾਣੀ ਲਾਲ ਚੰਦ ਬਿਸਮਿਲ ਉਰਫ਼ ਬਿਸਮਲ ਪੇਸ਼ਾਵਰੀ, ਮੁਕਾਲਮੇ (ਸੰਵਾਦ) ਸਾਹਿਬਜ਼ਾਦਾ ਮੁਹੰਮਦ ਮੁਮਤਾਜ਼ ਪਰਵੇਜ਼ ਸ਼ੰਮੀ ਅਤੇ ਸੰਗੀਤ ਪ੍ਰੋਫੈਸਰ ਨਵਾਬ ਖ਼ਾਨ (ਕਸੂਰ) ਨੇ ਤਾਮੀਰ ਕੀਤੀ ਸੀ। ਸਾਊਂਡ ਰਿਕਾਰਡਿਸਟ ਸ਼ੇਰ ਅਲੀ ਅਤੇ ਕੈਮਰਾਮੈਨ ਈ. ਆਰ. ਕੂਪਰ ਸਨ, ਫ਼ਿਲਮ ਵਿੱਚ ਹਰ ਇੱਕ ਮੰਜ਼ਰ ਅਤੇ ਨਜ਼ਾਰੇ ਨੂੰ ਬੜੀ ਖ਼ੂਬਸੂਰਤੀ ਨਾਲ ਫ਼ਿਲਮਾਇਆ ਗਿਆ ਸੀ। ਇਸ ਇਤਿਹਾਸਿਕ ਫ਼ਿਲਮ ਦੇ ਹੁਣ ਤੱਕ ਸਿਰਫ਼ ਇੱਕੋ ਗੀਤ ਦਾ ਹਵਾਲਾ ਹੀ ਮਿਲ ਪਾਇਆ ਹੈ। ਮਿਸ ਖ਼ੁਰਸ਼ੀਦ ਦੇ ਗਾਏ ਅਤੇ ਉਸੇ ਉੱਪਰ ਫਿਲਮਾਏ ਇਸ ਗੀਤ ਦੇ ਬੋਲ ਹਨ- 'ਜੇ ਮੈਂ ਐਸਾ ਜਾਣਦੀ ਪ੍ਰੀਤ ਕੀਏ ਦੁੱਖ ਹੋ...ਨਗਰ ਢੂੰਡਣ ਦਰ ਅੱਪੜੀ ਪ੍ਰੀਤ ਕਰੇ ਨਾ ਕੋ' 'ਮਿਰਜ਼ਾ ਸਾਹਿਬਾਂ' ਦੇ ਨਾਮ ਨਾਲ ਸ਼ੁਰੂ ਹੋਈ ਇਹ ਫ਼ਿਲਮ ਮੁਕੰਮਲ ਹੋਣ ਤੋਂ ਬਾਅਦ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ-ਸਾਹਿਬਾਂ' ਦੇ ਨਾਮ ਨਾਲ ਸ਼ੁੱਕਰਵਾਰ 29 ਮਾਰਚ 1935 ਨੂੰ ਨਿਰੰਜਨ ਟਾਕੀਜ਼, ਮੈਕਲੋਡ ਰੋਡ, ਲਾਹੌਰ ਵਿਖੇ ਰਿਲੀਜ਼ ਕੀਤੀ ਗਈ ਸੀ। ਇਹ ਪੰਜਾਬੀ ਫ਼ਿਲਮ ਇਤਿਹਾਸ ਦੀ ਪਹਿਲੀ ਡਬਲ ਵਰਜਨ ਫ਼ਿਲਮ ਸੀ ਜਿਹੜੀ ਪੰਜਾਬੀ ਤੋਂ ਇਲਾਵਾ ਉਰਦੂ ਅਤੇ ਹਿੰਦੀ ਭਾਸ਼ਾ ਵਿੱਚ ਵੀ ਡੱਬ ਹੋ ਕੇ ਸੈਂਸਰ ਹੋਈ ਸੀ ਪਰ ਇਸ ਦੀ ਰਿਲੀਜ਼ ਸੰਭਵ ਨਹੀ ਹੋ ਪਾਈ।

### ਭਾਰਤੀ ਸਿਨੇਮਾ ਦਾ ਪਿਛੋਕੜ

ਭਾਰਤੀ ਸਿਨੇਮਾ ਦੇ ਆਗ਼ਾਜ਼ ਦੀ ਗੱਲ ਕਰੀਏ ਤਾਂ ਪਹਿਲਾ ਨਾਮ ਮਰਹੂਮ ਫ਼ਿਲਮਸਾਜ਼ ਤੇ ਹਿਦਾਇਤਕਾਰ ਧੁੰਦੀਰਾਜ ਗੋਵਿੰਦ ਫ਼ਾਲਕੇ ਉਰਫ਼ ਦਾਦਾ ਸਾਹਿਬ ਫ਼ਾਲਕੇ ਦਾ ਆਉਂਦਾ ਹੈ। ਉਨ੍ਹਾਂ ਨੇ ਆਪਣੇ ਫ਼ਿਲਮਸਾਜ਼ ਅਦਾਰੇ ਫ਼ਾਲਕੇ ਐਂਡ ਕੰਪਨੀ, ਬੰਬੇ ਦੇ ਬੈਨਰ ਹੇਠ ਮਿਥਿਹਾਸਿਕ ਚੁੱਪ ਫ਼ਿਲਮ 'ਰਾਜਾ ਹਰੀਸ਼ਚੰਦਰ' (1913) ਤੋਂ ਕੀਤੀ ਸੀ। ਚੁੱਪ ਸਿਨੇਮੇ ਤੋਂ ਬਾਅਦ ਜਦੋਂ ਸਿਨੇਮੇ ਨੂੰ ਆਵਾਜ਼ ਮਿਲੀ ਤਾਂ ਹਿਦਾਇਤਕਾਰ ਖ਼ਾਨ ਬਹਾਦੁਰ ਅਰਦੇਸ਼ਿਰ ਐੱਮ. ਇਰਾਨੀ ਨੇ ਇੰਪੀਰੀਅਲ ਮੂਵੀਟੋਨ, ਬੰਬੇ ਦੇ ਬੈਨਰ ਹੇਠ ਭਾਰਤ ਦੀ ਪਹਿਲੀ ਬੋਲਦੀ ਹਿੰਦੀ ਫ਼ੀਚਰ ਫ਼ਿਲਮ 'ਆਲਮ ਆਰਾ' (1931) ਦਾ ਨਿਰਮਾਣ ਕੀਤਾ। 14 ਅਪ੍ਰੈਲ 1931 ਨੂੰ ਕੈਪੀਟਲ ਥੀਏਟਰ, ਮੈਕਲੋਡ ਰੋਡ, ਲਾਹੌਰ ਵਿਖੇ ਰਿਲੀਜ਼ ਹੋਈ ਸੀ। ਇਸ ਪਹਿਲੀ ਬੋਲਦੀ ਫ਼ਿਲਮ ਨੇ ਪੰਜਾਬੀ ਫ਼ਿਲਮਕਾਰਾਂ ਦੇ ਹੌਸਲੇ ਵੀ ਬੁਲੰਦ ਕਰ ਦਿੱਤੇ ਸਨ।

### ਕਿਵੇਂ ਸ਼ੁਰੂ ਹੋਇਆ 'ਪੰਜਾਬੀ ਸਿਨਮਾ ਡੇਅ'

ਪੰਜਾਬੀ ਸਿਨੇਮਾ ਇਤਿਹਾਸ ਦੀ ਪਹਿਲੀ ਕਿਤਾਬ 'ਪੰਜਾਬੀ ਸਿਨੇਮਾ' ਦਾ ਸਚਿੱਤਰ ਇਤਿਹਾਸ 1935-1985' (ਭਾਗ ਪਹਿਲਾ) ਵਿੱਚ ਪੰਜਾਬੀ ਸਿਨੇਮਾ ਇਤਿਹਾਸ ਦੀ ਪਹਿਲੀ ਬੋਲਦੀ ਪੰਜਾਬੀ ਫ਼ੀਚਰ ਫ਼ਿਲਮ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ ਸਾਹਿਬਾਂ' (1935) ਜ਼ਿਕਰ ਕੀਤਾ ਗਿਆ ਹੈ। 29 ਮਾਰਚ 1935 ਨੂੰ ਪਹਿਲੀ ਵਾਰ ਨੌਰਥ ਜ਼ੋਨ ਫ਼ਿਲਮ ਅਤੇ ਟੀ. ਵੀ. ਆਰਟਿਸਟ ਐਸੋਸੀਏਸ਼ਨ (ਹੁਣ ਪਫ਼ਟਾ) ਨੇ 29 ਮਾਰਚ 2021 ਨੇ 'ਪੰਜਾਬੀ ਸਿਨੇਮਾ ਡੇਅ' ਦਾ ਦਿਹਾੜਾ ਮਨਾਇਆ। ਅੱਜ ਇਹ ਸਫ਼ਲਤਾਪੂਰਵਕ 5ਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕਿਆ ਹੈ।

## ਸਤਿੰਦਰ ਸੱਤੀ ਅਤੇ ਮੈਂਡੀ ਤੱਖੜ ਦੀ 'ਟੈਲੇਂਟ ਮੈਨੇਜਰ' ਰਹੀ ਕੁੜੀ ਦੀ ਕਹਾਣੀ

ਨਵਦੀਪ ਕੌਰ ਗਰੇਵਾਲ



ਮਨੋਰੰਜਨ ਜਗਤ ਵਿੱਚ ਪਰਦੇ ਦੇ ਪਿੱਛੇ ਕੰਮ ਕਰਨ ਵਾਲੀਆਂ ਮਹਿਲਾਵਾਂ ਦੀਆਂ ਕਹਾਣੀਆਂ ਦੀ ਲੜੀ ਵਿੱਚ ਅੱਜ ਜ਼ਿਕਰ ਸੰਦੀਪ ਵਿਰਕ ਦਾ ਕਰ ਰਹੇ ਹਾਂ। ਸੰਦੀਪ ਵਿਰਕ ਇੱਕ 'ਟੈਲੇਂਟ ਮੈਨੇਜਰ' ਹਨ, ਜਿਨ੍ਹਾਂ ਨੂੰ ਅਕਸਰ ਪੰਜਾਬੀ ਮਨੋਰੰਜਨ ਜਗਤ ਦੀਆਂ ਕਈ ਹਸਤੀਆਂ ਦਾ ਪ੍ਰਬੰਧ ਸੰਭਾਲਦਿਆਂ ਦੇਖਿਆ ਜਾਂਦਾ ਹੈ। ਸੰਦੀਪ ਮੋਹਾਲੀ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਦਾ ਪਿਛੋਕੜ ਹਰਿਆਣਾ ਦੇ ਕੈਥਲ ਨਾਲ ਸਬੰਧਤ ਹੈ।

### ਕਿਵੇਂ ਹੋਈ ਕਰੀਅਰ ਦੀ ਸ਼ੁਰੂਆਤ ?

ਪੱਤਰਕਾਰੀ ਅਤੇ ਜਨ ਸੰਚਾਰ ਵਿੱਚ ਸਿੱਖਿਆ ਯਾਫ਼ਤਾ ਸੰਦੀਪ ਨੇ ਪੜ੍ਹਾਈ ਦੌਰਾਨ ਹੀ ਇੱਕ ਕੰਪਨੀ ਤੋਂ ਟ੍ਰੇਨਿੰਗ ਲਈ ਅਤੇ ਉਨ੍ਹਾਂ ਨੇ ਪੰਜਾਬੀ ਸੈਲੇਬ੍ਰਿਟੀਜ਼ ਦੀ ਇੱਕ ਕ੍ਰਿਕਟ ਲੀਗ ਵਿੱਚ ਕੰਮ ਕੀਤਾ ਸੀ। ਇੱਥੇ ਹੀ ਇੱਕ ਟੀਮ ਦੇ ਮਾਲਕ ਨੇ ਸੰਦੀਪ ਦਾ ਕੰਮ ਦੇਖ ਕੇ ਅਦਾਕਾਰਾ ਮੈਂਡੀ ਤੱਖੜ ਦੀ ਮੈਨੇਜਮੈਂਟ ਸੰਭਾਲਨ ਦੀ ਪੇਸ਼ਕਸ਼ ਦਿੱਤੀ, ਜਿਸ ਤੋਂ ਸੰਦੀਪ ਦੇ ਕਰੀਅਰ ਦੀ ਸ਼ੁਰੂਆਤ ਹੋਈ। ਸੰਦੀਪ ਦੱਸਦੇ ਹਨ ਕਿ ਉਹ 2016 ਵਿੱਚ ਮੈਂਡੀ ਦੀ ਫ਼ਿਲਮ 'ਰੱਬ ਦਾ ਰੇਡੀਓ' ਦੌਰਾਨ ਉਨ੍ਹਾਂ ਨਾਲ ਜੁੜੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਸਤਿੰਦਰ ਸੱਤੀ ਦਾ ਕੰਮ ਸੰਭਾਲਨਾ ਸ਼ੁਰੂ ਕੀਤਾ, ਜੋ ਕਿ ਉਸ ਵੇਲੇ ਪੰਜਾਬ ਆਰਟਸ ਕਾਉਂਸਲ ਦੇ ਚੇਅਰਪਰਸਨ ਸਨ। ਬਾਅਦ ਵਿੱਚ ਉਨ੍ਹਾਂ ਨੇ ਵਾਮਿਕਾ ਗੱਬੀ, ਅਨਮੋਲ ਗਗਨ ਮਾਨ ਅਤੇ ਕਈ ਹੋਰ ਕਲਾਕਾਰਾਂ ਨਾਲ ਵੀ ਕੰਮ ਕੀਤਾ। ਸੰਦੀਪ ਮੁਤਾਬਕ ਹੁਣ ਉਨ੍ਹਾਂ ਨੇ ਵੂਈਮੈਨੇਜ ਨਾਮ ਦੀ ਕੰਪਨੀ ਸ਼ੁਰੂ ਕੀਤੀ ਜਿਸ ਵਿੱਚ ਉਹ ਕਈ ਕਲਾਕਾਰਾਂ ਲਈ ਮੈਨੇਜਮੈਂਟ ਕਰ ਰਹੇ ਹਨ। ਇਨ੍ਹਾਂ ਵਿੱਚ ਸਤਿੰਦਰ ਸੱਤੀ, ਅਦਾਕਾਰਾ ਰੂਪੀ ਗਿੱਲ ਅਤੇ ਗਾਇਕਾ ਰੁਪਿੰਦਰ ਹਾਂਡਾ ਸਮੇਤ ਪੰਜਾਬੀ ਮਨੋਰੰਜਨ ਜਗਤ ਦੇ ਕਈ ਹੋਰ ਨਾਮ ਸ਼ਾਮਲ ਹਨ।

### 'ਟੈਲੇਂਟ ਮੈਨੇਜਰ' ਦਾ ਕੀ ਕੰਮ ਹੁੰਦਾ ਹੈ?

ਜਿਸ ਤਰ੍ਹਾਂ ਕਿਸੇ ਵੀ ਕਾਰੋਬਾਰ ਦਾ ਪ੍ਰਬੰਧ ਸੰਭਾਲਣ ਲਈ ਪ੍ਰਬੰਧਕ (ਮੈਨੇਜਰ) ਹੁੰਦੇ ਹਨ, ਉਸੇ ਤਰ੍ਹਾਂ ਇੱਕ ਕਲਾਕਾਰ ਦਾ ਪ੍ਰਬੰਧਕੀ ਕੰਮ ਸੰਭਾਲਣ ਲਈ ਵੀ ਪ੍ਰਬੰਧਕ ਹੁੰਦੇ ਹਨ ਜਿਨ੍ਹਾਂ ਨੂੰ ਟੈਲੇਂਟ ਮੈਨੇਜਰ ਜਾਂ ਆਰਟਿਸਟ ਮੈਨੇਜਰ ਕਿਹਾ ਜਾਂਦਾ ਹੈ। ਟੈਲੇਂਟ ਮੈਨੇਜਰ ਦਾ ਕੰਮ ਕਲਾਕਾਰਾਂ ਦੇ ਫ਼ੋਨ, ਸੋਸ਼ਲ ਮੀਡੀਆ ਅਤੇ ਸ਼ੈਡਿਊਲ ਮੈਨੇਜ ਕਰਨ ਤੋਂ ਇਲਾਵਾ, ਵੱਖ-ਵੱਖ ਬਰਾਂਡਜ਼ ਨਾਲ ਡੀਲਜ਼ ਕਰਵਾਉਣ, ਸ਼ੋਅ ਬੁੱਕ ਕਰਾਉਣ, ਕਲਾਕਾਰ ਦਾ ਕਾਰੋਬਾਰ ਵਧਾਉਣ, ਸ਼ੋਅ ਨੇਪਰੇ ਚੜ੍ਹਾਉਣਾ ਲਈ ਹਰ ਲੋੜੀਦੀ ਤਿਆਰੀ ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਸੁਰੱਖਿਆ ਪ੍ਰਬੰਧ, ਪਬਲਿਕ ਰਿਲੇਸ਼ਨ ਸਟਾਇਲਿੰਗ, ਟਰਾਂਸਪੋਰਟ, ਰਹਿਣ-ਸਹਿਣ ਦੇ ਇੰਤਜ਼ਾਮ ਤੋਂ ਲੈ ਕੇ ਕਲਾਕਾਰ ਲਈ ਬਿਹਤਰ ਮੌਕੇ ਤਲਾਸ਼ਣੇ, ਈਮੇਜ ਬਿਲਡਿੰਗ ਅਤੇ ਕਲਾਕਾਰ ਨੂੰ ਹੋਰ ਵੱਡਾ ਬਣਾਉਣ ਲਈ ਕੋਸ਼ਿਸ਼ਾਂ ਕਰਨੀਆਂ ਹੁੰਦੀਆਂ ਹਨ। ਸੰਦੀਪ ਨੇ ਦੱਸਿਆ ਕਿ ਪੰਜਾਬੀ ਮਨੋਰੰਜਨ ਜਗਤ ਵਿੱਚ ਕਲਾਕਾਰਾਂ ਦੇ ਮੈਨੇਜਰ ਜ਼ਿਆਦਾਤਰ ਉਨ੍ਹਾਂ ਦੇ ਰਿਸ਼ਤੇਦਾਰ ਹੀ ਹੁੰਦੇ ਹਨ, ਪਰ ਹੁਣ ਦੌਰ ਪ੍ਰੋਫੈਸ਼ਨਲ ਟੈਲੇਂਟ ਮੈਨੇਜਰਾਂ ਦਾ ਸ਼ੁਰੂ ਹੋ ਚੁੱਕਿਆ ਹੈ। ਇੱਕ ਟੈਲੇਂਟ ਮੈਨੇਜਰ ਦਾ ਕੰਮ ਖ਼ੁਦ ਪਿੱਛੇ ਰਹਿ ਕੇ ਕਲਾਕਾਰ ਲਈ ਕੰਮ ਕਰਨਾ ਹੁੰਦਾ ਹੈ। ਸੰਦੀਪ ਮੰਨਦੇ ਹਨ ਕਿ ਕਿਸੇ ਦੂਜੇ ਦੀ ਸਫਲਤਾ ਲਈ ਕੋਸ਼ਿਸ਼ ਕਰਨੀ ਬਹੁਤ ਜਿਗਰੇ ਵਾਲਾ ਕੰਮ ਹੁੰਦਾ ਹੈ। ਉਹ ਕਹਿੰਦੇ ਹਨ, "ਜੋ ਕੋਸ਼ਿਸ਼ ਤੁਸੀ ਕਿਸੇ ਕਲਾਕਾਰ ਲਈ ਕਰਦੇ ਹੋ, ਉਹ ਆਪਣੇ ਲਈ ਵੀ ਕਰ ਸਕਦੇ ਹੋ ਪਰ ਟੈਲੇਂਟ ਮੈਨੇਜਮੈਂਟ ਅਜਿਹਾ ਕੰਮ ਹੈ ਕਿ ਕਿਸੇ ਸ਼ੋਅ ਵਿੱਚ ਜਦੋਂ ਕਲਾਕਾਰ ਲਈ ਲੱਖਾਂ ਕਰੋੜਾਂ ਲੋਕ ਤਾੜੀਆਂ ਵਜਾ ਰਹੇ ਹੁੰਦੇ ਹਨ ਤਾਂ ਮੈਨੇਜਰ ਪਿੱਛੇ ਖੜ੍ਹਾ ਆਪਣੇ ਆਪ ਵਿੱਚ ਹੀ ਖੁਸ਼ ਹੋ ਰਿਹਾ ਹੁੰਦਾ ਹੈ ਅਤੇ ਇਸ ਵਿੱਚ ਆਪਣੀ ਕਾਮਯਾਬੀ ਮਹਿਸੂਸ ਕਰ ਰਿਹਾ ਹੁੰਦਾ ਹੈ।"

### "ਮੈਨੂੰ ਰਾਤ ਦੇ ਦੋ ਵਜੇ ਘਰ ਪਰਤਣ 'ਚ ਕੋਈ ਦਿੱਕਤ ਨਹੀਂ, ਪਰ ਸਮਾਜ ਨੂੰ ਹੈ"

ਮਨੋਰੰਜਨ ਸਨਅਤ ਕੁੜੀਆਂ ਲਈ ਸੁਰੱਖਿਅਤ ਨਾ ਹੋਣ ਵਾਲੀ ਧਾਰਨਾ ਨਾਲ ਸੰਦੀਪ ਵਿਰਕ ਬਹੁਤੇ ਸਹਿਮਤ ਨਹੀ ਹਨ। ਉਨ੍ਹਾਂ ਦੱਸਿਆ ਕਿ ਇਸ ਖੇਤਰ ਵਿੱਚ ਉਨ੍ਹਾਂ ਨੂੰ ਬਤੌਰ ਕੁੜੀ ਕਦੇ ਕੋਈ ਵੱਡੀ ਔਖਿਆਈ ਦਾ ਸਾਹਮਣਾ ਨਹੀ ਕਰਨਾ ਪਿਆ। ਸੰਦੀਪ ਨੇ ਦੱਸਿਆ, "ਮੈਂ 100-150 ਆਦਮੀਆਂ ਦੇ ਕਰੂ ਵਿੱਚ ਇਕੱਲੀ ਨੇ ਵੀ ਕੰਮ ਕੀਤਾ ਹੈ, ਮੈਨੂੰ ਕਦੇ ਵੀ ਅਸੁਰੱਖਿਅਤ ਮਹਿਸੂਸ ਨਹੀ ਹੋਇਆ ਅਤੇ ਅਜਿਹਾ ਕੋਈ ਕੰਮ ਨਹੀ, ਜੋ ਕੁੜੀ ਹੋ ਕੇ ਮੈਂ ਇੱਥੇ ਨਾ ਕਰ ਸਕੀ ਹੋਵਾਂ।"

> ਮੈਂ 100-150 ਆਦਮੀਆਂ ਦੇ ਕਰਿਊ ਵਿੱਚ ਇੱਕਲੀ ਨੇ ਵੀ ਕੰਮ ਕੀਤਾ ਹੈ, ਮੈਨੂੰ ਕਦੇ ਵੀ ਅਸੁਰੱਖਿਅਤ ਮਹਿਸੂਸ ਨਹੀਂ ਹੋਇਆ ਅਤੇ ਅਜਿਹਾ ਕੋਈ ਕੰਮ ਨਹੀਂ, ਜੋ ਕੁੜੀ ਹੋ ਕੇ ਮੈਂ ਇੱਥੇ ਨਾ ਕਰ ਸਕੀ ਹੋਵਾਂ।
>
> -ਸੰਦੀਪ ਵਿਰਕ



ਸੰਦੀਪ ਮਹਿਸੂਸ ਕਰਦੇ ਹਨ ਕਿ ਕਲਾਕਾਰਾਂ ਬਾਰੇ ਵੀ ਆਮ ਤੌਰ 'ਤੇ ਕਈ ਗ਼ਲਤ-ਧਾਰਨਾਵਾਂ ਹੁੰਦੀਆਂ ਹਨ, ਪਰ ਮੈਨੇਜਰ ਵਜੋਂ ਜਦੋਂ ਤੁਸੀ ਉਨ੍ਹਾਂ ਦੀ ਸ਼ਖਸੀਅਤ ਦੇ ਦੂਜੇ ਪੱਖ ਤੋਂ ਜਾਣੂ ਹੋ ਜਾਂਦੇ ਹੋ ਤਾਂ ਉਨ੍ਹਾਂ ਦਾ ਕੰਮ ਸੰਭਾਲਣਾ ਬਹੁਤ ਸੌਖਾ ਹੋ ਜਾਂਦਾ ਹੈ। ਸੰਦੀਪ ਕਹਿੰਦੇ ਹਨ, "ਕੁੜੀ ਹੋ ਕੇ ਔਰਤ ਕਲਾਕਾਰਾਂ ਲਈ ਮੈਨੇਜਮੈਂਟ ਦਾ ਕੰਮ ਕਰਨਾ ਦੋਹਰੀ ਜ਼ਿੰਮੇਵਾਰੀ ਵਾਲਾ ਕੰਮ ਹੁੰਦਾ ਹੈ ਕਿਉਂਕਿ ਤੁਸੀ ਉਨ੍ਹਾਂ ਨੂੰ ਵੀ ਸੁਰੱਖਿਅਤ ਘੇਰੇ ਵਿੱਚ ਰੱਖਣਾ ਹੁੰਦਾ ਹੈ ਅਤੇ ਖ਼ੁਦ ਨੂੰ ਵੀ।" ਸੰਦੀਪ ਵਿਰਕ ਨੇ ਦੱਸਿਆ ਕਿ ਜਦੋਂ ਉਹ ਇਸ ਖੇਤਰ ਵਿੱਚ ਨਵੇਂ ਸਨ, ਤਾਂ ਇੰਡਸਟਰੀ ਦੇ ਲੋਕ ਵੀ ਮਹਿਲਾ ਮੈਨੇਜਰ ਵਜੋਂ ਉਨ੍ਹਾਂ ਨਾਲ ਡੀਲ ਕਰਨ ਵਿੱਚ ਅਸਹਿਜ ਮਹਿਸੂਸ ਕਰਦੇ ਸਨ। ਪਰ ਜਿਸ ਸਪਸ਼ਟਤਾ ਤੇ ਕੁਸ਼ਲਤਾ ਨਾਲ ਕੁੜੀਆਂ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਹਨ, ਉਹ ਤਜ਼ਰਬੇ ਸਕਰਾਤਮਕ ਰਹੇ ਹਨ। ਵਿਰਕ ਨੇ ਇਹ ਜ਼ਰੂਰ ਕਿਹਾ ਕਿ ਭਾਵੇਂ ਇਸ ਖੇਤਰ ਦੀਆਂ ਕੁੜੀਆਂ ਬੇਹੱਦ ਹੁਨਰਮੰਦ ਹਨ, ਪਰ ਕਿਉਂਕਿ ਮਨੋਰੰਜਨ ਜਗਤ ਸ਼ੌਕੀਨ ਲੋਕਾਂ ਦੀ ਦੁਨੀਆਂ ਹੈ, ਇਸ ਲਈ ਬਹੁਤ ਸਾਰੀਆਂ ਡੀਲਜ਼ ਮਹਿਫ਼ਲਾਂ ਵਿੱਚ ਪੱਕੀਆਂ ਹੋ ਜਾਂਦੀਆਂ ਹਨ, ਪਰ ਕੁੜੀਆਂ ਲਈ ਉਨ੍ਹਾਂ ਮਹਿਫ਼ਲਾਂ ਵਿੱਚ ਦੇਰ ਰਾਤ ਬਹਿਣਾ ਔਖਾ ਹੁੰਦਾ ਹੈ। ਸੰਦੀਪ ਇਹ ਵੀ ਕਹਿੰਦੇ ਹਨ, "ਮੇਰੇ ਲਈ ਕੁੜੀ ਵਜੋਂ ਇਸ ਖੇਤਰ ਦੀਆਂ ਕੋਈ ਖ਼ਾਸ ਚੁਣੌਤੀਆਂ ਨਹੀ, ਪਰ ਸਮਾਜ ਵੱਲੋਂ ਜ਼ਰੂਰ ਹਨ।" "ਮੈਨੂੰ ਕੰਮ ਕਰਕੇ ਰਾਤ ਨੂੰ ਦੋ ਵਜੇ ਘਰ ਪਰਤਣ ਵਿੱਚ ਕੋਈ ਦਿੱਕਤ ਨਹੀ, ਪਰ ਸਮਾਜ ਨੂੰ ਦਿੱਕਤ ਹੈ। ਮੇਰੇ ਮਾਪੇ ਕਹਿੰਦੇ ਹਨ ਕਿ ਸਾਨੂੰ ਤਾਂ ਪਤਾ ਹੈ ਤੂੰ ਕਿੱਥੋਂ ਆਈ ਹੈ, ਪਰ ਆਲੇ ਦੁਆਲੇ ਦੇ ਲੋਕ ਪੁੱਛਦੇ ਹਨ ਕਿ ਤੁਹਾਡੀ ਕੁੜੀ ਰਾਤ ਦੇ ਦੋ-ਤਿੰਨ ਵਜੇ ਤੱਕ ਕਿੱਥੇ ਸੀ। ਇਹ ਦਿੱਕਤਾਂ ਤਾਂ ਹਨ, ਜਿਨ੍ਹਾਂ ਦਾ ਕਿਸੇ ਮੁੰਡੇ ਨੂੰ ਨਹੀ ਸਾਹਮਣਾ ਨਹੀ ਕਰਨਾ ਪੈਂਦਾ।" ਟੈਲੇਂਟ ਮੈਨੇਜਮੈਂਟ ਦਾ ਪੇਸ਼ਾ ਆਮ ਲੋਕਾਂ ਵਿੱਚ ਹਾਲੇ ਬਹੁਤਾ ਪ੍ਰਚਲਿਤ ਨਾ ਹੋਣ ਦੇ ਲਿਹਾਜ਼ ਨਾਲ ਸੰਦੀਪ ਨੇ ਦੱਸਿਆ, "ਮੇਰੇ ਮਾਪਿਆਂ ਨੂੰ ਹਾਲੇ ਵੀ ਕਿਸੇ ਨੂੰ ਦੱਸਣਾ ਬਹੁਤ ਔਖਾ ਲੱਗਦਾ ਹੈ ਕਿ ਉਨ੍ਹਾਂ ਦੀ ਧੀ ਕੀ ਕੰਮ ਕਰਦੀ ਹੈ, ਉਹ ਕਹਿ ਦਿੰਦੇ ਹਨ ਕਿ ਪੜ੍ਹ ਰਹੀ ਹੈ। ਬੱਚਾ ਇੰਜੀਨੀਅਰ ਜਾਂ ਡਾਕਟਰ ਹੈ, ਇਹ ਦੱਸਣਾ ਸੌਖਾ ਲੱਗਦਾ ਹੈ, ਪਰ ਉਨ੍ਹਾਂ ਲਈ ਕਿਸੇ ਹੋਰ ਨੂੰ ਸਾਡੇ ਪੇਸ਼ੇ ਬਾਰੇ ਸਮਝਾਉਣਾ ਔਖਾ ਲੱਗਦਾ ਹੈ।" ਨਾਲ ਹੀ ਸੰਦੀਪ ਨੇ ਦੱਸਿਆ ਕਿ ਉਨ੍ਹਾਂ ਦਾ ਕੰਮ ਦੇਖ ਕੇ ਮਾਪੇ ਮਾਣ ਤਾਂ ਮਹਿਸੂਸ ਕਰਦੇ ਹਨ, ਪਰ ਇਸ ਭਵਿੱਖ ਵਿੱਚ ਇਸ ਪੇਸ਼ੇ ਦੀ ਸਥਿਰਤਾ ਨੂੰ ਲੈ ਕੇ ਹਾਲੇ ਵੀ ਦੁਚਿੱਤੀ ਵਿੱਚ ਹਨ।

### ਕੀ ਹੈ ਸੰਦੀਪ ਦਾ ਸੁਫ਼ਨਾ?

ਪੰਜਾਬ ਵਿੱਚ ਟੈਲੇਂਟ ਮੈਨੇਜਮੈਂਟ ਦਾ ਟਰੈਂਡ ਬਹੁਤਾ ਪੁਰਾਣਾ ਨਹੀ ਹੈ, ਪਰ ਮੁੰਬਈ ਦੀ ਇੰਡਸਟਰੀ ਵਿੱਚ ਟੈਲੇਂਟ ਮੈਨੇਜਮੈਂਟ ਇੱਕ ਵੱਡੀ ਇੰਡਸਟਰੀ ਹੈ। ਉੱਥੇ ਕਈ ਵੱਡੀਆਂ ਕੰਪਨੀਆਂ ਹਨ, ਜੋ ਵੱਖ-ਵੱਖ ਕਲਾਕਾਰ ਲਈ ਮੈਨੇਜਮੈਂਟ ਦਾ ਕੰਮ ਕਰਦੀਆਂ ਹਨ। ਸੰਦੀਪ ਦਾ ਸੁਫ਼ਨਾ ਹੈ ਕਿ ਉਹ ਆਪਣੀ ਕੰਪਨੀ ਨੂੰ ਵੀ ਉੱਚ ਮੁਕਾਮ 'ਤੇ ਲੈ ਜਾਣ ਅਤੇ ਵੱਖ-ਵੱਖ ਕਲਾਕਾਰਾਂ ਨੂੰ ਮੈਨੇਜਮੈਂਟ ਨਾਲ ਸਬੰਧਤ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਹ ਟਰੈਂਡ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਹਰ ਕਲਾਕਾਰ ਨੂੰ ਪੇਸ਼ੇਵਾਰ ਮੈਨੇਜਰ ਦੀ ਲੋੜ ਹੈ ਤਾਂ ਕਿ ਬਿਹਤਰ ਤਰੀਕੇ ਨਾਲ ਕੰਮ ਹੋ ਸਕੇ। ਮਨੋਰੰਜਨ ਜਗਤ ਵਿੱਚ ਪਰਦੇ ਪਿੱਛੇ ਕੰਮ ਕਰਨ ਵਾਲੀਆਂ ਕੁੜੀਆਂ ਦੀ ਗਿਣਤੀ ਘੱਟ ਹੈ ਅਤੇ ਸੰਦੀਪ ਮਹਿਸੂਸ ਕਰਦੇ ਹਨ ਕਿ ਜੇ ਟੈਲੇਂਟ ਮੈਨੇਜਮੈਂਟ ਸਣੇ ਪਰਦੇ ਪਿਛਲੀਆਂ ਹੋਰ ਭੂਮਿਕਾਵਾਂ ਵਿੱਚ ਕੁੜੀਆਂ ਦੀ ਗਿਣਤੀ ਵਧੇ ਤਾਂ ਮਨੋਰੰਜਨ ਜਗਤ ਵਿੱਚ ਕੁੜੀਆਂ ਵਧੇਰੇ ਸੁਰੱਖਿਅਤ ਮਹਿਸੂਸ ਕਰਨਗੀਆਂ ਅਤੇ ਫ਼ਿਲਮਾਂ ਤੇ ਗੀਤਾਂ ਦੇ ਵਿਸ਼ੇ ਵੀ ਵਧੇਰੇ ਸੰਜੀਦਾ ਹੋ ਸਕਦੇ ਹਨ।

## ਪੰਜਾਬੀ ਰੰਗਮੰਚ ਦੀ ਪ੍ਰਸਿੱਧ ਨਾਇਕਾ ਕੈਲਾਸ਼ ਕੌਰ

ਸੁਮੀਤ ਸਿੰਘ
76960-30173

ਕੌਮਾਂਤਰੀ ਪ੍ਰਸਿੱਧ ਲੋਕ ਪੱਖੀ ਨਾਟਕਕਾਰ ਅਤੇ ਚਿੰਤਕ ਗੁਰਸ਼ਰਨ ਭਾ ਜੀ ਦੀ ਜੀਵਨ ਸਾਥਣ ਅਤੇ ਨਾਮਵਰ ਰੰਗਮੰਚ ਅਦਾਕਾਰਾ ਕੈਲਾਸ਼ ਕੌਰ ਦੇ ਪਿਛਲੇ ਸਾਲ 4 ਅਕਤੂਬਰ ਨੂੰ ਸਦੀਵੀ ਵਿਛੋੜੇ ਤੋਂ ਬਾਅਦ ਇਨਕਲਾਬੀ ਰੰਗਮੰਚ ਅਤੇ ਜਮਹੂਰੀ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। 25 ਦਸੰਬਰ, 1932 ਵਿੱਚ ਪਾਕਿਸਤਾਨ ਦੇ ਗੁੱਜਰਾਂਵਾਲਾ ਸ਼ਹਿਰ ਵਿੱਚ ਜਨਮੇ ਕੈਲਾਸ਼ ਕੌਰ ਨੇ ਬੀ.ਏ. ਅਤੇ ਐੱਲ.ਐੱਲ.ਬੀ. ਦੀ ਸਿੱਖਿਆ ਹਾਸਲ ਕੀਤੀ ਅਤੇ ਬਾਅਦ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐੱਮ. ਏ. ਪੰਜਾਬੀ ਕਰਨ ਦੇ ਇਲਾਵਾ ਕਲਾਸੀਕਲ ਸੰਗੀਤ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਪੜ੍ਹਾਈ ਦੌਰਾਨ ਨਾਟਕਾਂ ਵਿੱਚ ਅਦਾਕਾਰੀ ਦੇ ਇਲਾਵਾ ਕਲਾਸੀਕਲ ਸੰਗੀਤ ਅਤੇ ਲੋਕ ਗੀਤ ਗਾਉਣ ਦਾ ਸ਼ੌਕ ਹੋਣ ਕਾਰਨ ਉਨ੍ਹਾਂ ਨੇ ਕਈ ਸੰਗੀਤ ਸਮਾਗਮਾਂ 'ਚ ਹਿੱਸਾ ਲਿਆ ਅਤੇ ਆਪਣੀ ਬਿਹਤਰ ਪੇਸ਼ਕਾਰੀ ਸਦਕਾ ਕਈ ਐਵਾਰਡ ਹਾਸਲ ਕੀਤੇ। ਬੇਸ਼ੱਕ 1959 ਵਿੱਚ ਗੁਰਸ਼ਰਨ ਭਾ ਜੀ ਨਾਲ ਵਿਆਹ ਤੋਂ ਪਹਿਲਾਂ ਹੀ ਕੈਲਾਸ਼ ਕੌਰ ਨੂੰ ਨਾਟਕਾਂ ਵਿੱਚ ਅਦਾਕਾਰੀ ਕਰਨ ਦੀ ਚੇਟਕ ਲੱਗ ਚੁੱਕੀ ਸੀ, ਪਰ ਗੁਰਸ਼ਰਨ ਭਾ ਜੀ ਨਾਲ ਰੰਗਮੰਚ ਕਰਦਿਆਂ ਉਨ੍ਹਾਂ ਨੇ ਨਾਟਕ ਕਲਾ ਦੀਆਂ ਬਾਰੀਕੀਆਂ ਨੂੰ ਸਮਝਣ ਦੇ ਨਾਲ ਨਾਲ ਵਿਗਿਆਨਕ ਚੇਤਨਾ ਅਤੇ ਜਥੇਬੰਦਕ ਸੰਘਰਸ਼ਾਂ ਰਾਹੀ ਰੰਗਮੰਚ ਦੇ ਲੋਕ ਪੱਖੀ ਸਮਾਜਿਕ ਤਬਦੀਲੀ ਦੇ ਅਹਿਮ ਮਕਸਦ ਨੂੰ ਆਮ ਲੋਕਾਂ ਵਿੱਚ ਹੋਰ ਅੱਗੇ ਲਿਜਾਣ ਲਈ ਲਗਾਤਾਰ ਆਪਣੀ ਅਹਿਮ ਭੂਮਿਕਾ ਨਿਭਾਈ। ਕੈਲਾਸ਼ ਕੌਰ ਜਿਨ੍ਹਾਂ ਨੂੰ ਸਾਰੇ ਕਲਾਕਾਰ ਸਤਿਕਾਰ ਨਾਲ ਭਾਬੀ ਜੀ ਕਹਿੰਦੇ ਸਨ, ਨੇ ਉਨ੍ਹਾਂ ਸਮਿਆਂ ਵਿੱਚ ਨਾਟਕਾਂ ਵਿੱਚ ਕੰਮ ਕੀਤਾ ਜਦੋਂ ਔਰਤਾਂ ਦਾ ਨਾਟਕਾਂ ਵਿੱਚ ਕੰਮ ਕਰਨਾ ਵਰਜਿਤ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਗੁਰਸ਼ਰਨ ਭਾ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੂਰੇ ਪੰਜ ਦਹਾਕੇ ਇਨਕਲਾਬੀ ਰੰਗਮੰਚ ਅਤੇ ਵਿਗਿਆਨਕ ਚੇਤਨਾ ਰਾਹੀ ਪੰਜਾਬ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿੱਚ ਲੋਕ ਪੱਖੀ ਸਮਾਜਿਕ ਤਬਦੀਲੀ ਅਤੇ ਆਮ ਲੋਕਾਂ ਨੂੰ ਆਪਣੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਅੰਧ ਵਿਸ਼ਵਾਸਾਂ, ਨਾਬਰਾਬਰੀ, ਫਿਰਕਾਪ੍ਰਸਤੀ, ਜਾਤ-ਪਾਤ ਅਤੇ ਸਾਮਰਾਜ ਪੱਖੀ ਨੀਤੀਆਂ ਦੇ ਖਿਲਾਫ਼ ਜਾਗਰੂਕ ਅਤੇ ਜਥੇਬੰਦ ਕੀਤਾ। ਉਨ੍ਹਾਂ ਨੇ ਔਰਤਾਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ ਆਪਣਾ ਹੁਨਰ ਵਿਖਾਉਣ ਅਤੇ ਔਰਤ ਮਰਦ ਬਰਾਬਰੀ ਦੇ ਜਮਹੂਰੀ ਹੱਕਾਂ ਲਈ ਹਰ ਪੱਧਰ 'ਤੇ ਲੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ 'ਨਵਾਂ ਚਾਨਣ', 'ਜਿਨ ਸੱਚ ਪੱਲੇ ਹੋਇ', 'ਘੁੰਮਣਘੇਰੀ', 'ਪਰਬਤੋਂ ਭਾਰੀ ਮੌਤ', 'ਇਹ ਲਹੂ ਕਿਸਦਾ ਹੈ', 'ਤੂਤਾਂ ਵਾਲਾ ਖੂਹ', 'ਧੂਣੀ ਦੀ ਅੱਗ', 'ਤਾਮਰ ਪੱਤਰ', 'ਕਣਕ ਦੀ ਬੱਲੀ', 'ਇੱਕ ਮਾਂ ਦੋ ਮੁਲਕ' ਅਤੇ 'ਮਿੱਟੀ ਦਾ ਮੁੱਲ' ਆਦਿ ਸਮੇਤ ਅਨੇਕਾਂ ਹੋਰ ਮਕਬੂਲ ਨਾਟਕਾਂ ਵਿੱਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਕਰਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਉਨ੍ਹਾਂ ਨੇ ਵੱਖ ਵੱਖ ਉੱਚ ਵਿਦਿਅਕ ਅਤੇ ਰੰਗਮੰਚ ਸੰਸਥਾਵਾਂ ਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬ ਸੰਗੀਤ ਨਾਟਕ ਅਕਾਦਮੀ ਤੋਂ ਬਿਹਤਰੀਨ ਅਦਾਕਾਰਾ ਹੋਣ ਦੇ ਕਈ ਸਨਮਾਨ ਹਾਸਲ ਕੀਤੇ। ਇਹੀ ਵਜ੍ਹਾ ਸੀ ਕਿ ਉਨ੍ਹਾਂ ਨੇ ਆਪਣੀਆਂ ਦੋਵਾਂ ਬੇਟੀਆਂ ਡਾ. ਨਵਸ਼ਰਨ ਅਤੇ ਡਾ. ਅਰੀਤ ਨੂੰ ਵੀ ਆਪਣੇ ਪਿਤਾ ਗੁਰਸ਼ਰਨ ਭਾ ਜੀ ਦੇ ਇਨਕਲਾਬੀ ਰੰਗਮੰਚ ਅਤੇ ਲੋਕ ਪੱਖੀ ਜਨਤਕ ਸੰਘਰਸ਼ਾਂ ਨਾਲ ਜੋੜਿਆ ਅਤੇ ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ, ਆਦਿਵਾਸੀਆਂ, ਪਿਛੜੇ ਵਰਗਾਂ ਸਮੇਤ ਹਰ ਵਰਗ ਦੇ ਲੋਕਾਂ ਨੂੰ ਜਮਹੂਰੀ ਹੱਕਾਂ ਦੀ ਰਾਖੀ ਲਈ ਅਤੇ ਅੰਧ ਵਿਸ਼ਵਾਸਾਂ, ਰੂੜ੍ਹੀਵਾਦੀ ਰਵਾਇਤਾਂ, ਜਾਤ ਪਾਤ, ਨਸ਼ਿਆਂ, ਦਾਜ-ਦਹੇਜ ਦੀਆਂ ਸਮਾਜਿਕ ਬੁਰਾਈਆਂ, ਹਕੂਮਤੀ ਜ਼ਬਰ, ਕਾਰਪੋਰੇਟ ਲੁੱਟ, ਪਾਖੰਡੀ ਬਾਬਿਆਂ, ਡੇਰਿਆਂ ਅਤੇ ਫ਼ਿਰਕੂ ਤਾਕਤਾਂ ਦੇ ਵਿਰੁੱਧ ਸੰਘਰਸ਼ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਗੁਰਸ਼ਰਨ ਭਾ ਜੀ ਦੇ ਰੰਗਮੰਚ ਸਫ਼ਰ ਦੌਰਾਨ ਉਨ੍ਹਾਂ ਦੀ ਐਮਰਜੈਂਸੀ ਵੇਲੇ ਹਕੂਮਤੀ ਜ਼ਬਰ ਕਾਰਨ ਨੌਕਰੀ ਤੋਂ ਮੁਅੱਤਲੀ, ਜੇਲ੍ਹ ਨਜ਼ਰਬੰਦੀ ਅਤੇ ਅੱਤਿਵਾਦ ਦੇ ਬੇਹੱਦ ਔਖੇ ਸਮਿਆਂ ਵੇਲੇ ਜਿੱਥੇ ਪੂਰੀ ਨਿਡਰਤਾ ਨਾਲ ਉਨ੍ਹਾਂ ਦਾ ਡਟ ਕੇ ਸਾਥ ਦਿੱਤਾ, ਉੱਥੇ ਹੀ ਪਿੰਡ-ਪਿੰਡ ਨਾਟਕਾਂ ਵਿੱਚ ਕੰਮ ਕਰਨ ਦੇ ਇਲਾਵਾ ਇੱਕ ਜ਼ਿੰਮੇਵਾਰ ਪਤਨੀ, ਮਾਂ ਅਤੇ ਨੂੰਹ ਦੇ ਤੌਰ 'ਤੇ ਪਰਿਵਾਰ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਬਾਖ਼ੂਬੀ ਨਿਭਾਈ। ਇਹ ਉਨ੍ਹਾਂ ਦੇ ਸੁਭਾਅ ਅਤੇ ਸ਼ਖ਼ਸੀਅਤ ਵਿਚਲੇ ਗੁਣਾਂ ਦੀ ਖਾਸੀਅਤ ਸੀ ਕਿ ਉਨ੍ਹਾਂ ਨੇ ਕਈ ਸਾਲ ਅੰਮ੍ਰਿਤਸਰ 'ਚ ਰਣਜੀਤਪੁਰਾ ਸਥਿਤ ਜੱਦੀ ਘਰ ਅਤੇ ਬਾਅਦ ਵਿੱਚ ਮੁਹਾਲੀ ਦੇ ਘਰ ਵਿਖੇ ਲਗਾਤਾਰ ਹੁੰਦੀਆਂ ਨਾਟਕਾਂ ਦੀਆਂ ਰਿਹਰਸਲਾਂ ਮੌਕੇ ਰੰਗਮੰਚ ਅਦਾਕਾਰਾਂ, ਲੇਖਕਾਂ ਅਤੇ ਫਿਲਮੀ ਹਸਤੀਆਂ ਦੀ ਮਹਿਮਾਨਨਿਵਾਜ਼ੀ ਕਰਨ ਅਤੇ ਬਣਦਾ ਸਤਿਕਾਰ ਦੇਣ ਵਿੱਚ ਕਦੇ ਕੋਈ ਕਸਰ ਨਹੀ ਛੱਡੀ। ਇਹੀ ਵਜ੍ਹਾ ਸੀ ਕਿ ਗੁਰਸ਼ਰਨ ਭਾ ਜੀ ਨੇ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਰਹਿ ਕੇ ਆਪਣੇ ਪੰਜਾਹ ਸਾਲ ਦੇ ਰੰਗਮੰਚ ਦੇ ਜੀਵਨ ਵਿੱਚ ਲਗਭਗ 185 ਨਾਟਕ ਲਿਖੇ ਅਤੇ ਉਨ੍ਹਾਂ ਦੀਆਂ ਕੋਈ 12000 ਤੋਂ ਵੀ ਵੱਧ ਪੇਸ਼ਕਾਰੀਆਂ ਕੀਤੀਆਂ। ਉਨ੍ਹਾਂ ਨੇ ਆਪਣੀ ਉਮਰ ਅਤੇ ਸਿਹਤ ਦੀ ਪਰਵਾਹ ਕੀਤੇ ਬਿਨਾਂ ਇੱਕ ਸਾਲ ਵਿੱਚ ਰੰਗਮੰਚ ਦੀਆਂ 150 ਤੋਂ ਵੱਧ ਪੇਸ਼ਕਾਰੀਆਂ ਕਰਕੇ ਇੱਕ ਰਿਕਾਰਡ ਵੀ ਸਥਾਪਿਤ ਕੀਤਾ ਅਤੇ ਸਮੇਂ ਸਮੇਂ 'ਤੇ ਕਈ ਲੋਕ ਪੱਖੀ ਜਮਹੂਰੀ ਸਾਹਿਤਕ, ਪ੍ਰਗਤੀਸ਼ੀਲ, ਸੱਭਿਆਚਾਰਕ ਜਥੇਬੰਦੀਆਂ ਦੀ ਅਗਵਾਈ ਵੀ ਕੀਤੀ। ਇਹ ਸਭ ਕੈਲਾਸ਼ ਕੌਰ ਦੀ ਵਿਗਿਆਨਕ ਸੋਚ, ਘਰ-ਪਰਿਵਾਰ ਪ੍ਰਤੀ ਜ਼ਿੰਮੇਵਾਰੀ ਅਤੇ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਲਈ ਪੰਜਾਬੀ ਰੰਗਮੰਚ ਪ੍ਰਤੀ ਪ੍ਰਤੀਬੱਧਤਾ ਕਾਰਨ ਹੀ ਸੰਭਵ ਹੋ ਸਕਿਆ। ਪੰਜਾਬ ਦੇ ਲੋਕਾਂ ਅਤੇ ਲੋਕ ਪੱਖੀ ਜਮਹੂਰੀ ਅਤੇ ਪ੍ਰਗਤੀਸ਼ੀਲ ਧਿਰਾਂ ਨੂੰ ਇਸ ਗੱਲ ਦਾ ਬੇਹੱਦ ਫ਼ਖ਼ਰ ਹੈ ਕਿ ਲੋਕ ਪੱਖੀ ਸੰਘਰਸ਼ਾਂ ਨੂੰ ਸਮਰਪਿਤ ਪੰਜਾਬੀ ਰੰਗਮੰਚ ਦੀ ਇਸ ਸ਼ਾਹ ਅਸਵਾਰ ਜੋੜੀ ਦੀਆਂ ਦੋਵੇਂ ਬੇਟੀਆਂ ਡਾ. ਨਵਸ਼ਰਨ ਅਤੇ ਡਾ. ਅਰੀਤ ਆਪਣੇ ਇਨਕਲਾਬੀ ਜੀਵਨ ਸਾਥੀਆਂ ਦੇ ਪੂਰਨ ਸਹਿਯੋਗ ਨਾਲ ਪੰਜਾਬ ਸਮੇਤ ਦੂਜੇ ਸੂਬਿਆਂ ਵਿੱਚ ਕਿਸਾਨਾਂ, ਮਜ਼ਦੂਰਾਂ, ਆਦਿਵਾਸੀਆਂ, ਔਰਤਾਂ, ਘੱਟ ਗਿਣਤੀਆਂ ਸਮੇਤ ਸਮਾਜ ਦੇ ਪੀੜਤ ਵਰਗਾਂ ਨਾਲ ਹੁੰਦੀ ਬੇਇਨਸਾਫ਼ੀ, ਕਾਰਪੋਰੇਟ ਲੁੱਟ, ਹਕੂਮਤੀ ਜ਼ਬਰ, ਫਿਰਕਾਪ੍ਰਸਤੀ ਅਤੇ ਫ਼ਿਰਕੂ ਤਾਕਤਾਂ ਦੇ ਖਿਲਾਫ਼ ਪੂਰੀ ਨਿਡਰਤਾ ਨਾਲ ਲਗਾਤਾਰ ਆਵਾਜ਼ ਬੁਲੰਦ ਕਰਦੇ ਹੋਏ ਆਪਣੇ ਮਾਤਾ-ਪਿਤਾ ਦੀ ਇਨਕਲਾਬੀ ਵਿਰਾਸਤ ਅਤੇ ਸਿਰੜੀ ਸੰਘਰਸ਼ ਨੂੰ ਪੂਰੀ ਕਾਮਯਾਬੀ ਨਾਲ ਅੱਗੇ ਲਿਜਾ ਰਹੀਆਂ ਹਨ। 27 ਸਤੰਬਰ 2011 ਨੂੰ ਗੁਰਸ਼ਰਨ ਭਾ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਬੇਸ਼ੱਕ ਪੰਜਾਬੀ ਰੰਗਮੰਚ ਦੇ ਪਰਿਵਾਰ ਅਤੇ ਕੈਲਾਸ਼ ਕੌਰ ਦੀ ਜ਼ਿੰਦਗੀ ਵਿੱਚ ਉਦਾਸੀ ਅਤੇ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਸੀ, ਪਰ ਉਨ੍ਹਾਂ ਨੇ ਪੂਰੇ ਹੌਸਲੇ ਨਾਲ ਇੱਕ ਵਾਰ ਫਿਰ ਪਰਿਵਾਰ ਨੂੰ ਸੰਭਾਲਿਆ ਅਤੇ ਆਪਣੀ ਬਿਮਾਰ ਸਿਹਤ ਦੇ ਬਾਵਜੂਦ ਗੁਰਸ਼ਰਨ ਭਾ ਜੀ ਦੀ ਇਨਕਲਾਬੀ ਰੰਗਮੰਚ ਦੀ ਵਿਰਾਸਤ ਨੂੰ ਹੋਰ ਅੱਗੇ ਲਿਜਾਣ ਅਤੇ ਅਧੂਰੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਆਪਣੇ ਅੰਤ ਤੱਕ ਯਤਨਸ਼ੀਲ ਰਹੇ। ਪਿਛਲੇ ਕੁਝ ਸਾਲਾਂ ਤੋਂ ਕਮਜ਼ੋਰ ਅਤੇ ਬਿਮਾਰ ਰਹਿਣ ਕਾਰਨ ਉਹ ਜ਼ਿਆਦਾ ਚੱਲ ਫਿਰ ਨਹੀ ਸੀ ਸਕਦੇ, ਪਰ ਉਹ ਸੁਚੇਤ ਰੂਪ ਵਿੱਚ ਸਾਥੀ ਕਲਾਕਾਰਾਂ ਨਾਲ ਰੰਗਮੰਚ ਦੀਆਂ ਪੁਰਾਣੀਆਂ ਯਾਦਾਂ ਜ਼ਰੂਰ ਸਾਂਝੀਆਂ ਕਰਦੇ ਸਨ। ਅੰਤਲੇ ਸਮੇਂ ਵਿੱਚ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਅਤੇ ਪੁੱਤਾਂ ਰੂਪੀ ਜਵਾਈਆਂ ਨੇ ਉਨ੍ਹਾਂ ਦੀ ਦੇਖਭਾਲ ਅਤੇ ਪਿਆਰ ਕਰਨ ਵਿੱਚ ਕੋਈ ਕਮੀ ਨਹੀ ਰਹਿਣ ਦਿੱਤੀ ਅਤੇ ਹਰ ਪੱਖ ਤੋਂ ਉਨ੍ਹਾਂ ਦਾ ਖ਼ਿਆਲ ਰੱਖਿਆ। ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਨੂੰ ਵੇਖ ਕੇ ਇਹ ਸਹਿਜੇ ਕਿਹਾ ਜਾ ਸਕਦਾ ਹੈ ਕਿ ਕੈਲਾਸ਼ ਕੌਰ ਦੀ ਪਹਿਚਾਣ ਸਿਰਫ਼ ਗੁਰਸ਼ਰਨ ਭਾ ਜੀ ਦੀ ਪਤਨੀ ਦੇ ਰੂਪ ਵਿੱਚ ਹੀ ਨਹੀ ਕੀਤੀ ਜਾਣੀ ਚਾਹੀਦੀ ਬਲਕਿ ਇਨਕਲਾਬੀ ਰੰਗਮੰਚ, ਸੁਰ-ਸੰਗੀਤ, ਉੱਚ ਸਿੱਖਿਆ, ਔਰਤਾਂ ਦੇ ਹੱਕਾਂ ਅਤੇ ਜਮਹੂਰੀ ਅਧਿਕਾਰਾਂ ਦੇ ਖੇਤਰ ਵਿੱਚ ਕੀਤੇ ਵਿਲੱਖਣ ਕਾਰਜਾਂ ਨੇ ਉਨ੍ਹਾਂ ਦੀ ਖ਼ੁਦ ਦੀ ਪਹਿਚਾਣ ਸਥਾਪਿਤ ਕੀਤੀ। ਪਿਛਲੇ ਸਾਲ 5 ਅਕਤੂਬਰ ਨੂੰ ਦਿੱਲੀ ਵਿਖੇ ਸਮੂਹ ਪਰਿਵਾਰ ਅਤੇ ਸਕੇ ਸਬੰਧੀਆਂ ਵੱਲੋਂ ਗੁਰਸ਼ਰਨ ਭਾ ਜੀ ਵਾਂਗ ਉਨ੍ਹਾਂ ਨੂੰ ਵੀ ਪੂਰੀ ਤਰ੍ਹਾਂ ਗ਼ੈਰ ਧਾਰਮਿਕ ਅਤੇ ਪ੍ਰਦੂਸ਼ਣ ਮੁਕਤ ਢੰਗ ਨਾਲ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਯਕੀਨਨ ਮਾਂ-ਬਾਪ ਦੇ ਸਦੀਵੀ ਵਿਛੋੜੇ ਦਾ ਸਦਮਾ ਅਸਹਿ ਹੁੰਦਾ ਹੈ ਅਤੇ ਇਸ ਦੀ ਕਦੇ ਵੀ ਭਰਪਾਈ ਨਹੀ ਕੀਤੀ ਜਾ ਸਕਦੀ, ਪਰ ਪੰਜਾਬੀ ਰੰਗਮੰਚ ਦੀਆਂ ਦੋਵਾਂ ਨਾਮਵਰ ਸ਼ਖ਼ਸੀਅਤਾਂ ਵੱਲੋਂ ਪਰਿਵਾਰ ਅਤੇ ਸਮਾਜ ਵਿੱਚ ਇਨਕਲਾਬੀ ਰੰਗਮੰਚ, ਵਿਗਿਆਨਕ ਚੇਤਨਾ ਅਤੇ ਜਨਤਕ ਸੰਘਰਸ਼ਾਂ ਦੀ ਲੋਕ ਪੱਖੀ ਲਹਿਰ ਵਿਕਸਤ ਕਰਨ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਲਈ ਪੂਰੇ ਸਤਿਕਾਰ ਨਾਲ ਯਾਦ ਰੱਖਿਆ ਜਾਵੇਗਾ। ਰੰਗਕਰਮੀ ਕੈਲਾਸ਼ ਕੌਰ ਦੇ ਪਰਿਵਾਰ, ਸਕੇ ਸਬੰਧੀਆਂ ਅਤੇ ਰੰਗਮੰਚ ਦੇ ਸੰਗੀ ਸਾਥੀਆਂ ਤੋਂ ਇਲਾਵਾ ਲੋਕ ਪੱਖੀ ਜਨਤਕ ਜਥੇਬੰਦੀਆਂ ਵੱਲੋਂ ਗੁਰਸ਼ਰਨ ਭਾ ਜੀ ਵਾਂਗ ਉਨ੍ਹਾਂ ਦੀਆਂ ਅਸਥੀਆਂ ਵੀ ਬਿਨਾਂ ਕਿਸੇ ਧਾਰਮਿਕ ਅਤੇ ਰੂੜ੍ਹੀਵਾਦੀ ਰਸਮਾਂ ਦੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਹੁਸੈਨੀਵਾਲਾ (ਫਿਰੋਜ਼ਪੁਰ) ਵਿਖੇ ਕੌਮੀ ਇਤਿਹਾਸਕ ਯਾਦਗਾਰ ਦੇ ਨਜ਼ਦੀਕ ਸਤਲੁਜ ਨਦੀ 'ਚ ਜਲ ਪ੍ਰਵਾਹ ਕੀਤੀਆਂ ਗਈਆਂ। ਗੁਰਸ਼ਰਨ ਭਾ ਜੀ ਦੇ ਜਿਉਂਦੇ ਜੀ ਸਥਾਪਿਤ ਕੀਤੀ ਗਈ ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ ਸੰਸਥਾ ਵੱਲੋਂ ਕੈਲਾਸ਼ ਕੌਰ ਦੀ ਯਾਦ ਵਿੱਚ ਇੱਕ ਵਿਸ਼ੇਸ਼ ਸਮਾਗਮ 15 ਮਾਰਚ ਨੂੰ ਗੁਰਸ਼ਰਨ ਭਾ ਜੀ ਦੇ ਅੰਮ੍ਰਿਤਸਰ ਸਥਿਤ ਜੱਦੀ ਘਰ ਗੁਰੂ ਖਾਲਸਾ ਨਿਵਾਸ, ਰਣਜੀਤਪੁਰਾ ਵਿਖੇ ਕੀਤਾ ਗਿਆ ਜਿਸ ਵਿੱਚ ਰੰਗਮੰਚ ਸਮੇਤ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਲੋਕ ਪੱਖੀ ਜਮਹੂਰੀ ਚਿੰਤਕਾਂ ਅਤੇ ਨਾਟਕਕਾਰਾਂ ਵੱਲੋਂ ਇਨਕਲਾਬੀ ਪੰਜਾਬੀ ਰੰਗਮੰਚ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਪਾਏ ਅਮੁੱਲੇ ਯੋਗਦਾਨ ਲਈ ਯਾਦ ਕੀਤਾ ਗਿਆ।




ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ


# ਪਿਆਜ਼ ਦਾ ਰਸ ਪੀਣ ਦੇ ਫ਼ਾਇਦੇ



ਪਿਆਜ ਸਿਰਫ਼ ਸੁਆਦ ਹੀ ਨਹੀਂ ਸਗੋਂ ਆਯੁਰਵੇਦ ਅਤੇ ਵਿਗਿਆਨ ਅਨੁਸਾਰ ਵੀ ਸਿਹਤ ਲਈ ਬਹੁਤ ਲਾਭਕਾਰੀ ਹਨ। ਪਿਆਜ ਦਾ ਰਸ ਉੱਚ ਮਾਤਰਾ ਵਿੱਚ ਐਂਟੀਆਕਸੀਡੈਂਟਸ, ਵਿਟਾਮਿਨ ਅਤੇ ਗੰਧਕ ਮਿਸ਼ਰਣਾਂ ਨਾਲ ਭਰਪੂਰ ਹੁੰਦਾ ਹੈ, ਜੋ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ।

**ਪਿਆਜ ਦਾ ਰਸ ਪੀਣ ਦੇ ਅਹਿਮ ਲਾਭ**

1. ਇਮਿਊਨ ਸਿਸਟਮ ਮਜ਼ਬੂਤ ਕਰਦਾ ਹੈ
2. ਪਿਆਜ ਵਿੱਚ ਵਧੀਆ ਐਂਟੀ-ਵਾਇਰਲ ਅਤੇ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ, ਜੋ ਸਰੀਰ ਦੀ ਇਮਿਊਨਿਟੀ ਵਧਾਉਂਦੇ ਹਨ।

**ਦਿਲ ਦੀ ਸਿਹਤ ਲਈ ਲਾਭਕਾਰੀ**

1. ਪਿਆਜ ਦਾ ਰਸ ਖ਼ੂਨ ਵਿੱਚ ਖ਼ਰਾਬ ਕੋਲੇਸਟਰੋਲ ਨੂੰ ਘਟਾਉਂਦਾ ਹੈ ਅਤੇ ਚੰਗੇ ਕੋਲੇਸਟਰੋਲ ਦੀ ਮਾਤਰਾ ਵਧਾਉਂਦਾ ਹੈ, ਜਿਸ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਘੱਟ ਜਾਂਦਾ ਹੈ।
2. ਇਹ ਹਾਈ ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖਣ ਵਿੱਚ ਮਦਦ ਕਰਦਾ ਹੈ।

**ਸ਼ੂਗਰ ਲੈਵਲ ਕੰਟਰੋਲ ਕਰਦਾ ਹੈ**

1. ਪਿਆਜ ਵਿੱਚ ਕੁਝ ਐਂਜ਼ਾਈਮ ਹੁੰਦੇ ਹਨ ਜੋ ਇਨਸੁਲਿਨ ਸੰਵੇਦਨਸ਼ੀਲਤਾ ਨੂੰ ਵਧਾਉਂਦੇ ਹਨ, ਜਿਸ ਨਾਲ ਖ਼ੂਨ ਦੀ ਸ਼ੂਗਰ ਲੈਵਲ ਕੰਟਰੋਲ ਵਿੱਚ ਰਹਿੰਦੀ ਹੈ।
2. ਸ਼ੂਗਰ ਰੋਗੀਆਂ ਲਈ ਇਹ ਇੱਕ ਕੁਦਰਤੀ ਇਲਾਜ ਹੋ ਸਕਦਾ ਹੈ।

**ਪਚਨ ਸ਼ਕਤੀ ਵਧਾਉਂਦਾ ਹੈ**

1. ਪਿਆਜ ਵਿੱਚ ਪ੍ਰੀ-ਬਾਇਓਟਿਕ ਤੱਤ ਹੁੰਦੇ ਹਨ, ਜੋ ਅੰਤੜੀਆਂ ਵਿੱਚ ਚੰਗੇ ਬੈਕਟੀਰੀਆ ਦੀ ਗਿਣਤੀ ਵਧਾਉਂਦੇ ਹਨ।
2. ਇਹ ਗੈਸ ਦੀ ਸਮੱਸਿਆ ਨੂੰ ਦੂਰ ਕਰਦਾ ਹੈ।

**ਚਮੜੀ ਲਈ ਲਾਭਕਾਰੀ**

1. ਇਹ ਚਮੜੀ ਨੂੰ ਨਮੀ ਦਿੰਦਾ ਹੈ ਅਤੇ ਮੁਹਾਸੇ ਜਾਂ ਦਾਗ-ਧੱਬੇ ਦੂਰ ਕਰਦਾ ਹੈ।
2. ਐਂਟੀ-ਏਜਿੰਗ ਗੁਣਾਂ ਕਰਕੇ ਇਹ ਝੁਰੜੀਆਂ ਘਟਾਉਂਦਾ ਹੈ।

**ਧਿਆਨ ਦੇਣ ਯੋਗ ਗੱਲਾਂ**

* ਜੇਕਰ ਤੁਹਾਨੂੰ ਗੈਸ ਜਾਂ ਐਸਿਡਿਟੀ ਦੀ ਸਮੱਸਿਆ ਹੋਵੇ, ਤਾਂ ਪਿਆਜ ਦਾ ਰਸ ਘੱਟ ਮਾਤਰਾ ਵਿੱਚ ਲਵੋ।
* ਜੇਕਰ ਤੁਹਾਨੂੰ ਪਿਆਜ ਨਾਲ ਐਲਰਜੀ ਹੋਵੇ, ਤਾਂ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।
* ਹਦ ਤੋਂ ਵੱਧ ਪਿਆਜ ਦਾ ਰਸ ਪੀਣ ਨਾਲ ਪੇਟ ਦੀ ਸਮੱਸਿਆ, ਸਰੀਰ ਦੀ ਬਦਬੂ ਜਾਂ ਐਲਰਜੀ ਹੋ ਸਕਦੀ ਹੈ।

**ਨਤੀਜਾ** ; ਪਿਆਜ ਦਾ ਰਸ ਇੱਕ ਵਧੀਆ ਕੁਦਰਤੀ ਟਾਨਿਕ ਹੈ, ਜੋ ਸਰੀਰ ਦੀ ਬਹੁਤ ਸਾਰੀਆਂ ਬਿਮਾਰੀਆਂ ਤੋਂ ਰੱਖਿਆ ਕਰ ਸਕਦਾ ਹੈ। ਜੇਕਰ ਤੁਸੀਂ ਇਸਨੂੰ ਰੋਜ਼ਾਨਾ ਨਿਯਮਤ ਮਾਤਰਾ ਵਿੱਚ ਪੀਓ, ਤਾਂ ਇਹ ਤੁਹਾਡੀ ਸਿਹਤ, ਚਮੜੀ ਤੇ ਵਾਲਾਂ ਲਈ ਬਹੁਤ ਲਾਭਕਾਰੀ ਹੋ ਸਕਦਾ ਹੈ।

### ਕਿਹੜੇ ਗਿੱਲ ਗਿੱਲੇ ਜਾਂ ਰਹਿਣਗੇ ਸੁੱਕੇ

# ਕੈਨੇਡਾ ਚੋਣਾਂ ਵਿੱਚ ਗਿੱਲਾਂ ਦਾ ਜਾਦੂ ਸਿਰ ਚੜ੍ਹ ਬੋਲ ਰਿਹੈ

ਟੋਰਾਂਟੋ, 30 ਮਾਰਚ (ਚ.ਨ.ਸ.) : ਪੰਜਾਬ ਵਿੱਚ ਮਾਲਵਾ ਖ਼ੇਤਰ ਦੇ ਮਸ਼ਹੂਰ ਸ਼ਹਿਰ ਮੋਗਾ ਦੇ ਮੋਹੜੀ ਗੱਡ (ਸ਼ਹਿਰ ਵਸਾਉਣ ਵਾਲੇ) ਸ੍ਰ. ਮੋਗਾ ਸਿੰਘ ਗਿੱਲ ਸਨ। ਮੋਗਾ ਇਲਾਕੇ ਦੇ ਨਾਲ ਲੱਗਦੇ 42 ਪਿੰਡ ਗਿੱਲਾਂ ਦੇ ਹਨ। ਜਿਹਨਾਂ ਨੂੰ ਮੋਗਾਬਤਾਲੀਏ ਕਿਹਾ ਜਾਂਦੇ ਹੈ।ਹੁਣ ਭਾਵੇਂ ਸਾਰੇ ਪੰਜਾਬ ਵਿੱਚ ਗਿੱਲ ਗੋਤ ਵਾਲੇ ਵਸੇ ਹੋਏ ਹਨ।ਪਰ ਇਸ ਸਾਲ ਕੈਨੇਡਾ ਦੇ ਵਿੱਚ ਚੋਣਾਂਗਿੱਲਾਂ ਦਾ ਜਾਦੂ ਸਿਰ ਚੱੜ ਕੇ ਬੋਲ ਰਿਹਾ ਹੈ। ਕੈਨੇਡਾ ਕੰਜ਼ਰਵੇਟਿਵ ਪਾਰਟੀ ਪੀਅਰ ਪੋਲੀਵਰ ਦੀ ਅਗਵਾਈ ਵਿੱਚ ਇਸ ਫੈਡਰਲ ਚੋਣਾਂ ਵਿੱਚ ਪਹਿਲੀ ਵਾਰ ਅਠਾਰਾਂ ਦੇ ਕਰੀਬ ਪੰਜਾਬੀ (ਸਿੱਖ) ਉਮੀਦਵਾਰਾਂ ਨੂੰ ਲੈ ਕੇ ਪਾਰਟੀ ਚੋਣਾਂ ਲੜ ਰਹੀ ਹੈ। ਇਸ ਵਾਰ ਸਾਰੇ ਕੈਨੇਡਾ ਵਿੱਚ ਕੰਜ਼ਰਵੇਟਿਵ ਪਾਰਟੀ ਵੱਲੋਂ ਗਿੱਲ ਗੋਤ ਦੇ ਉਮੀਦਵਾਰਾਂ ਦੀ ਭਰਮਾਰ ਹੈ।



***ਕੈਲਗਰੀ ਮੈਕਨਾਈਟ**
ਅਮਨਪ੍ਰੀਤ ਗਿੱਲ
***ਕੈਲਗਰੀ ਸਕਾਈਵਿਊ**
ਹਰਬਿੰਦਰ ਗਿੱਲ
***ਵਿੰਡਸਰ ਵੈਸਟ**
ਪਰਮ ਗਿੱਲ
***ਮਿਲਟਨ ਈਸਟ-ਹਾਲਟਨ ਹਿਲਜ਼ ਸਾਊਥ**
ਹਰਜੀਤ ਸਿੰਘ ਗਿੱਲ
***ਸਰੀ ਨਿਊਟਨ**
ਸੁਖਮਨ ਸਿੰਘ ਗਿੱਲ
**ਐਬਟਸਫੋਰਡ—ਸਾਊਥ ਲੈਂਗਲੀ**
**ਅਮਰਜੀਤ ਗਿੱਲ**

ਬਰੈਂਪਟਨ ਪੱਛਮੀ ਤੋਂ ਪਾਰਟੀ ਦੇ ਉਮੀਦਵਾਰ ਹਨ। ਇਸ ਤੋਂ ਇਲਾਵਾ ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਦੇ ਸਲਾਹਕਾਰ ਢੁੱਡੀਕੇ ਦੇ ਸਮਸ਼ੇਰ ਸਿੰਘ ਵੀ ਗਿੱਲ ਹਨ।ਲਿਬਰਲ ਪਾਰਟੀ ਨਾਲ ਇਸ ਗਹਿਗੱਚ ਮੁਕਾਬਲੇ ਵਿੱਚ ਅਠਾਈ ਅਪਰੈਲ ਸ਼ਾਮ ਨੂੰ ਦਸ ਵੱਜ ਤੱਕ ਪਤਾ ਲੱਗ ਜਾਵੇਗਾ। ਕਿਹੜੇ ਕਿਹੜੇ ਗਿੱਲ'ਗਿੱਲੇ ਜਾਂ ਸੁੱਕੇ ਰਹਿਣਗੇ।

## ਕੈਨੇਡਾ ਵੱਲੋਂ ਵਿਦੇਸ਼ੀ ਕਾਮਿਆਂ ਦੇ 23 ਲੱਖ ਤੋਂ ਵੱਧ ਵੀਜ਼ੇ ਕੀਤੇ ਰੱਦ ਰਹਿਣ-ਸਹਿਣ ਦੇ ਖ਼ਰਚੇ 'ਚ ਲਗਾਤਾਰ ਹੋ ਰਿਹੈ ਵਾਧਾ

ਟੋਰਾਂਟੋ, 30 ਮਾਰਚ (ਚ.ਨ.ਸ.) : ਕੈਨੇਡਾ ਵਿਚ ਵਿਦੇਸ਼ੀ ਕਾਮਿਆਂ ਤੇ ਵਿਦਿਆਰਥੀਆਂ ਲਈ ਦਰਵਾਜ਼ੇ ਬੰਦ ਹੋ ਰਹੇ ਹਨ। ਹਾਲ ਹੀ ਵਿਚ ਜਾਰੀ ਸਰਕਾਰੀ ਅੰਕੜੇ ਖ਼ੁਦ ਇਸ ਗੱਲ ਦੀ ਗਵਾਹੀ ਦੇ ਰਹੇ ਹਨ। ਕੈਨੇਡਾ ਦੇ ਸਥਾਨਕ ਅਖ਼ਬਾਰ ਨੇ ਸਰਕਾਰ ਦੇ ਵੀਜ਼ਾ ਅਸਵੀਕਾਰ ਦਰ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ।



ਇਸ ਵਿਚ ਦਸਿਆ ਗਿਆ ਹੈ ਕਿ ਕੈਨੇਡਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਿਦੇਸ਼ੀ ਕਾਮਿਆਂ, ਵਿਦਿਆਰਥੀਆਂ ਅਤੇ ਸੈਲਾਨੀਆਂ ਦੇ ਵੀਜ਼ੇ ਰੱਦ ਕਰ ਰਿਹਾ ਹੈ। 2024 ਵਿੱਚ 23.5 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ, ਜੋ ਕਿ ਕੁੱਲ ਅਰਜ਼ੀਆਂ ਦਾ 50 ਫ਼ੀ ਸਦੀ ਹੈ।

ਅੰਕੜਿਆਂ ਮੁਤਾਬਕ ਪਿਛਲੇ ਸਾਲ 18 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ, ਜੋ ਕਿ ਕੁੱਲ ਅਰਜ਼ੀਆਂ ਦਾ 35 ਫ਼ੀ ਸਦੀ ਤੋਂ ਵੱਧ ਸਨ। ਕੈਨੇਡਾ ਵਿਚ ਰਹਿਣ-ਸਹਿਣ ਦਾ ਖ਼ਰਚ ਲਗਾਤਾਰ ਵਧ ਰਿਹਾ ਹੈ ਅਤੇ ਇਸ ਤੋਂ ਇਲਾਵਾ ਰਿਹਾਇਸ਼ੀ ਸੰਕਟ ਵੀ ਪੈਦਾ ਹੋ ਗਿਆ ਹੈ।ਵਿਦੇਸ਼ੀ ਕਾਮਿਆਂ ਅਤੇ ਵਿਦਿਆਰਥੀਆਂ ਦੇ ਆਉਣ ਕਾਰਨ ਸਿਹਤ ਸੰਭਾਲ 'ਤੇ ਦਬਾਅ ਵਧ ਰਿਹਾ ਹੈ। ਇਸ ਨੂੰ ਧਿਆਨ ਵਿਚ ਰਖਦੇ ਹੋਏ ਕੈਨੇਡੀਅਨ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਉਹ ਘੱਟੋ ਘੱਟ ਵਿਦੇਸ਼ੀ ਲੋਕਾਂ ਨੂੰ ਦੇਸ਼ ਵਿੱਚ ਦਾਖਲ ਹੋਣ ਦੀ ਆਗਿਆ ਦੇਵੇਗੀ, ਜਿਸ ਕਾਰਨ ਵੀਜ਼ਾ ਰੱਦ ਹੋਣ ਦੀ ਦਰ ਵਧ ਗਈ ਹੈ।

### ਟਰੰਪ ਸਰਕਾਰ ਦਾ ਇੱਕ ਹੋਰ ਫ਼ੁਰਮਾਨ

# ਵਿਦੇਸ਼ੀ ਵਿਦਿਆਰਥੀਆਂ ਨੂੰ 'ਸੈਲਫ਼ ਡਿਪੋਰਟ' ਹੋਣ ਦਾ ਫ਼ੈਸਲਾ ਸੁਣਾਇਆ

### ਅੱਤਵਾਦੀ ਸੰਗਠਨਾਂ ਦਾ ਸਮਰਥਨ ਕਰਨ ਵਾਲਿਆਂ ਲਈ ਐਪ 'ਕੈਚ ਐਂਡ ਰਿਵੋਕ' ਬਣਾਈ

ਵਾਸ਼ਿੰਗਟਨ, 30 ਮਾਰਚ (ਚ.ਨ.ਸ.): ਵਿਦੇਸ਼ੀ ਨਾਗਰਿਕਾਂ ਵਿਰੁੱਧ ਅਮਰੀਕਾ ਦੀ ਟਰੰਪ ਸਰਕਾਰ ਲਗਾਤਾਰ ਸਖ਼ਤ ਰਵੱਈਆ ਅਪਣਾਉਂਦੀ ਜਾ ਰਹੀ ਹੈ। ਇਸੇ ਤਹਿਤ ਹੁਣ ਇਕ ਹੋਰ ਸਖ਼ਤ ਫ਼ੁਰਮਾਨ ਜਾਰੀ ਕਰਦਿਆਂ ਟਰੰਪ ਸਰਕਾਰ ਨੇ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਨੂੰ ਸੈਲਫ਼ ਡਿਪੋਰਟ ਹੋਣ ਦਾ ਫ਼ੈਸਲਾ ਸੁਣਾ ਦਿਤਾ ਹੈ। ਜਾਣਕਾਰੀ ਅਨੁਸਾਰ ਅਮਰੀਕਾ ਦੇ ਵਿਦੇਸ਼ੀ ਵਿਭਾਗ ਨੇ ਅਮਰੀਕਾ 'ਚ ਪੜ੍ਹ ਰਹੇ ਕਰੀਬ 300 ਵਿਦਿਆਰਥੀਆਂ ਨੂੰ ਈ-ਮੇਲ ਭੇਜ ਕੇ ਦੇਸ਼ ਛੱਡਣ ਦਾ ਫ਼ੁਰਮਾਨ ਸੁਣਾਇਆ ਹੈ। ਇਹ ਕਾਰਵਾਈ ਉਨ੍ਹਾਂ ਵਿਦਿਆਰਥੀਆਂ ਵਿਰੁਧ ਕੀਤੀ ਗਈ ਹੈ, ਜੋ ਕਿ ਹਮਾਸ ਜਾਂ ਕਿਸੇ ਹੋਰ ਅਤਿਵਾਦੀ ਸੰਗਠਨ ਦਾ ਸਮਰਥਨ ਕਰਦੇ ਪਾਏ ਗਏ ਹਨ। ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਵਿਦਿਆਰਥੀਆਂ ਦੇ ਐਫ਼.1 ਵੀਜ਼ੇ ਰੱਦ ਕਰ ਦਿਤੇ ਹਨ।ਇਹ ਕਾਰਵਾਈ ਸਿਰਫ਼ ਅਤਿਵਾਦੀ ਸੰਗਠਨਾਂ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਤਕ ਹੀ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਦੇਸ਼ ਛੱਡਣ ਦੀਆਂ ਈ-ਮੇਲਜ਼ ਭੇਜੀਆਂ ਗਈਆਂ ਹਨ,



ਜਿਨ੍ਹਾਂ ਨੇ ਅਤਿਵਾਦੀ ਸੰਗਠਨਾਂ ਦੀਆਂ ਪੋਸਟਾਂ ਨੂੰ ਸੋਸ਼ਲ ਮੀਡੀਆ 'ਤੇ ਲਾਈਕ ਜਾਂ ਸ਼ੇਅਰ ਕੀਤਾ ਹੈ। ਇਸ ਮਾਮਲੇ ਨਾਲ ਸਖ਼ਤੀ ਨਾਲ ਨਜਿੱਠਣ ਲਈ ਅਮਰੀਕਾ ਸਰਕਾਰ ਨੇ ਇਕ ਐਪ 'ਕੈਚ ਐਂਡ ਰਿਵੋਕ' ਵੀ ਬਣਾਈ ਹੈ, ਜੋ ਏ.ਆਈ. ਨਾਲ ਅਤਿਵਾਦੀ ਸੰਗਠਨਾਂ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਦੀ ਪਛਾਣ ਕਰਦੀ ਹੈ, ਜਿਸ ਦੀ ਮਦਦ ਨਾਲ ਅਜਿਹਾ ਕਰਨ ਵਾਲੇ ਵਿਦਿਆਰਥੀਆਂ ਦੀ ਪਛਾਣ ਕਰ ਕੇ ਉਨ੍ਹਾਂ ਦੇ ਵੀਜ਼ੇ ਰੱਦ ਕੀਤੇ ਜਾ ਰਹੇ ਹਨ। ਇਕ ਰਿਪੋਰਟ ਅਨੁਸਾਰ ਸਾਲ 2023-24 ਦੌਰਾਨ ਕੁੱਲ 11 ਲੱਖ ਵਿਦੇਸ਼ੀ ਵਿਦਿਆਰਥੀ ਅਮਰੀਕਾ 'ਚ ਪੜ੍ਹ ਰਹੇ ਹਨ, ਜਿਨ੍ਹਾਂ 'ਚੋਂ 3.31 ਲੱਖ ਭਾਰਤੀ ਹਨ। ਹੁਣ ਜਿਨ੍ਹਾਂ 300 ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਅਤਿਵਾਦੀ ਸੰਗਠਨਾਂ ਦਾ ਸਮਰਥਨ ਕਰਨ ਕਾਰਨ ਰੱਦ ਕੀਤੇ ਗਏ ਹਨ, ਉਨ੍ਹਾਂ ਦੀ ਗਿਣਤੀ ਆਉਣ ਵਾਲੇ ਦਿਨਾਂ 'ਚ ਵਧ ਵੀ ਸਕਦੀ ਹੈ, ਕਿਉਂਕਿ ਕੈਚ ਐਂਡ ਰਿਵੋਕ ਐਪ ਰਾਹੀਂ ਇਹ ਕਾਰਵਾਈ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

## ਮਸਕ ਨੇ 'ਐਕਸ' ਨੂੰ ਆਪਣੀ ਹੀ ਕੰਪਨੀ 'ਐਕਸਏਆਈ' ਕੋਲ 33 ਅਰਬ ਡਾਲਰ 'ਚ ਵੇਚਿਆ

ਵਾਸ਼ਿੰਗਟਨ, 30 ਮਾਰਚ (ਚ.ਨ.ਸ.): ਅਮਰੀਕੀ ਅਰਬਪਤੀ ਐਲਨ ਮਸਕ ਨੇ ਸੋਸ਼ਲ ਮੀਡੀਆ ਕੰਪਨੀ 'ਐਕਸ' ਨੂੰ ਆਪਣੀ ਹੀ ਮਸਨੂਈ ਬੌਧਿਕਤਾ (ਏਆਈ) ਵਾਲੀ ਕੰਪਨੀ ਐਕਸਏਆਈ ਨੂੰ 33 ਅਰਬ ਡਾਲਰ 'ਚ ਵੇਚਣ ਦਾ ਐਲਾਨ ਕੀਤਾ ਹੈ। ਇਸ ਸੌਦੇ 'ਚ ਸ਼ਾਮਲ ਦੋਵੇਂ ਕੰਪਨੀਆਂ ਨਿੱਜੀ ਤੌਰ 'ਤੇ ਚਲਾਈਆਂ ਜਾਂਦੀਆਂ ਹਨ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਸ ਸੌਦੇ ਨਾਲ ਜੁੜੇ ਆਪਣੇ ਵਿੱਤੀ ਲੈਣ-ਦੇਣ ਬਾਰੇ ਜਨਤਕ ਤੌਰ 'ਤੇ ਖ਼ੁਲਾਸਾ ਕਰਨ ਦੀ ਲੋੜ ਨਹੀਂ ਹੈ। ਮਸਕ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਇਹ ਕਦਮ ਐਕਸਏਆਈ ਦੀ ਆਧੁਨਿਕ ਏਆਈ ਸਮਰੱਥਾ ਅਤੇ ਮੁਹਾਰਤ ਨੂੰ ਐਕਸ ਦੀ ਵਿਆਪਕ ਪਹੁੰਚ ਨਾਲ ਮਿਲਾ ਕੇ ਸੰਭਾਵਨਾਵਾਂ ਤਲਾਸ਼ਣ 'ਚ ਸਹਾਇਤਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਸੌਦੇ 'ਚ ਐਕਸਏਆਈ ਦੀ ਕੀਮਤ 80 ਅਰਬ ਡਾਲਰ ਅਤੇ ਐਕਸ ਦੀ ਕੀਮਤ 33 ਅਰਬ ਡਾਲਰ ਲਾਈ ਗਈ ਹੈ। ਟੈਸਲਾ ਅਤੇ ਸਪੇਸਐਕਸ ਕੰਪਨੀਆਂ ਦੇ ਸੀਈਓ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਲਾਹਕਾਰ ਮਸਕ ਨੇ ਸਾਲ 2022 'ਚ ਟਵਿਟਰ ਨੂੰ 44 ਅਰਬ ਡਾਲਰ 'ਚ ਖ਼ਰੀਦਿਆ ਸੀ।




## ਭਾਰਤ ਅਕਤੂਬਰ-ਨਵੰਬਰ ਵਿੱਚ ਤਿੰਨ ਵਨਡੇ ਅਤੇ ਪੰਜ ਟੀ-20 ਮੈਚਾਂ ਲਈ ਆਸਟ੍ਰੇਲੀਆ ਦਾ ਦੌਰਾ ਕਰੇਗਾ

### 50 ਓਵਰਾਂ ਦੇ ਮੈਚ ਦਿਨ-ਰਾਤ ਦੇ ਹੋਣਗੇ, ਜਦੋਂ ਕਿ ਟੀ-20 ਮੈਚ ਰਾਤ ਦੇ ਹੋਣਗੇ

ਮੈਲਬੌਰਨ, 30 ਮਾਰਚ (ਚ.ਨ.ਸ.): ਕ੍ਰਿਕਟ ਆਸਟ੍ਰੇਲੀਆ (ਸੀ ਏ) ਨੇ ਐਤਵਾਰ ਨੂੰ ਕਿਹਾ ਕਿ ਭਾਰਤੀ ਪੁਰਸ਼ ਟੀਮ ਇਸ ਸਾਲ ਦੇ ਅੰਤ ਵਿੱਚ ਤਿੰਨ ਵਨਡੇ ਅਤੇ ਪੰਜ ਟੀ-20 ਮੈਚਾਂ ਦੀ ਲੜੀ ਲਈ ਆਸਟ੍ਰੇਲੀਆ ਦਾ ਦੌਰਾ ਕਰੇਗੀ। ਮਹਿਮਾਨ ਟੀਮ 19 ਅਕਤੂਬਰ ਤੋਂ 8 ਨਵੰਬਰ ਦੇ ਵਿਚਕਾਰ ਚਿੱਟੀ ਗੇਂਦ ਦੇ ਮੈਚ ਖੇਡੇਗੀ। ਜਦੋਂ ਕਿ 50 ਓਵਰਾਂ ਦੇ ਮੈਚ ਦਿਨ-ਰਾਤ ਦੇ ਮੈਚ ਹੋਣਗੇ, ਟੀ-20 ਮੈਚ ਰਾਤ ਦੇ ਮੈਚ ਹੋਣਗੇ।ਪਹਿਲੀ ਵਾਰ, ਆਉਣ ਵਾਲੇ 2025-26 ਸੀਜ਼ਨ ਦੌਰਾਨ ਆਸਟ੍ਰੇਲੀਆ ਦੇ ਸਾਰੇ ਅੱਠ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਪੁਰਸ਼ਾਂ ਦਾ ਅੰਤਰਰਾਸ਼ਟਰੀ ਮੁਕਾਬਲਾ ਆਯੋਜਿਤ ਕੀਤਾ ਜਾਵੇਗਾ। ਕੈਨਬਰਾ ਅਤੇ ਹੋਬਾਰਟ ਦੋਵੇਂ ਪੰਜ ਮੈਚਾਂ ਦੀ ਟੀ-20 ਲੜੀ ਦੌਰਾਨ ਭਾਰਤ ਦੀ ਮੇਜ਼ਬਾਨੀ ਕਰਨ ਲਈ ਤਿਆਰ ਹਨ।ਭਾਰਤ ਅਤੇ ਆਸਟ੍ਰੇਲੀਆ, ਜੋ 2023 ਵਿਸ਼ਵ ਕੱਪ ਦੇ ਫਾਈਨਲ ਵਿੱਚ ਪਹੁੰਚ ਚੁੱਕੇ ਹਨ, ਪਹਿਲਾਂ ਪਰਥ, ਐਡੀਲੇਡ ਅਤੇ ਸਿਡਨੀ ਵਿੱਚ ਵੀ 50 ਓਵਰਾਂ ਦੇ ਮੈਚ ਖੇਡਣਗੇ। ਭਾਰਤ ਪੰਜ ਟੈਸਟ ਮੈਚਾਂ ਦੀ ਬਾਰਡਰ-ਗਾਵਸਕਰ ਟਰਾਫੀ ਤੋਂ ਬਾਅਦ 2024-25 ਵਿੱਚ ਆਸਟ੍ਰੇਲੀਆ ਵਾਪਸ ਆਵੇਗਾ। ਬਾਰਡਰ-ਗਾਵਸਕਰ ਟਰਾਫੀ ਦੌਰਾਨ ਆਸਟ੍ਰੇਲੀਆ ਵਿੱਚ ਦਰਸ਼ਕਾਂ ਦੀ ਗਿਣਤੀ ਦੇ ਨਵੇਂ ਰਿਕਾਰਡ ਬਣੇ।




### ਪ੍ਰੋਗਰਾਮ ਇਸ ਪ੍ਰਕਾਰ ਹੈ

### ਇੱਕ ਰੋਜ਼ਾ ਲੜੀ

19 ਅਕਤੂਬਰ: ਪਰਥ ਸਟੇਡੀਅਮ, ਪਰਥ (ਦਿਨ-ਰਾਤ)
23 ਅਕਤੂਬਰ: ਐਡੀਲੇਡ ਓਵਲ, ਐਡੀਲੇਡ (ਦਿਨ-ਰਾਤ)
25 ਅਕਤੂਬਰ: ਐਸਸੀਜੀ, ਸਿਡਨੀ (ਦਿਨ-ਰਾਤ)
**ਟੀ20 ਸੀਰੀਜ਼:**
29 ਅਕਤੂਬਰ: ਮੈਨੂਕਾ ਓਵਲ, ਕੈਨਬਰਾ
31 ਅਕਤੂਬਰ: ਐਮਸੀਜੀ, ਮੈਲਬੌਰਨ
2 ਨਵੰਬਰ: ਬੇਲੇਰਾਈਵ ਓਵਲ, ਹੋਬਾਰਟ
6 ਨਵੰਬਰ: ਗੋਲਡ ਕੋਸਟ ਸਟੇਡੀਅਮ, ਗੋਲਡ ਕੋਸਟ
8 ਨਵੰਬਰ: ਗਾਬਾ, ਬ੍ਰਿਸਬੇਨ।

# ਸੜੀਆਂ ਹੋਈਆਂ ਲਾਸ਼ਾਂ ਦੀ ਬਦਬੂ ਮਿਆਂਮਾਰ 'ਚ ਫ਼ੈਲੀ

### 41 ਡਿਗਰੀ ਸੈਲਸੀਅਸ ਦੀ ਗਰਮੀ ਵਿੱਚ ਲੋਕ ਮਲਬਾ ਹਟਾਉਣ ਲਈ ਮਜਬੂਰ

ਮਾਂਡਲੇ, 30 ਮਾਰਚ (ਚ.ਨ.ਸ.) : ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਦੀਆਂ ਸੜਕਾਂ 'ਤੇ ਪਈਆਂ ਲਾਸ਼ਾਂ ਤੋਂ ਭਿਆਨਕ ਬਦਬੂ ਫੈਲਣੀ ਸ਼ੁਰੂ ਹੋ ਗਈ ਹੈ ਅਤੇ ਲੋਕ ਅਜੇ ਵੀ ਆਪਣੇ ਰਿਸ਼ਤੇਦਾਰਾਂ ਦੀ ਭਾਲ ਵਿੱਚ ਆਪਣੇ ਹੱਥਾਂ ਨਾਲ ਮਲਬਾ ਹਟਾਉਣ ਵਿੱਚ ਰੁੱਝੇ ਹੋਏ ਹਨ। ਦੋ ਦਿਨ ਪਹਿਲਾਂ ਆਏ ਭਿਆਨਕ ਭੂਚਾਲ ਵਿੱਚ 1,600 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਅਣਗਿਣਤ ਲੋਕ ਮਲਬੇ ਹੇਠ ਦੱਬ ਗਏ।ਇਸ ਵਿਨਾਸ਼ਕਾਰੀ ਭੂਚਾਲ ਕਾਰਨ ਬਹੁਤ ਸਾਰੀਆਂ ਇਮਾਰਤਾਂ ਢਹਿ ਗਈਆਂ ਅਤੇ ਸ਼ਹਿਰ ਦੇ ਹਵਾਈ ਅੱਡੇ ਵਰਗੇ ਹੋਰ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ।

ਟੁੱਟੀਆਂ ਸੜਕਾਂ, ਢਹਿ-ਢੇਰੀ ਹੋਏ ਪੁਲਾਂ, ਸੰਚਾਰ ਵਿਘਨਾਂ ਅਤੇ ਘਰੇਲੂ ਯੁੱਧ ਵਿੱਚ ਘਿਰੇ ਦੇਸ਼ ਵਿੱਚ ਕੰਮ ਕਰਨ ਦੀਆਂ ਚੁਣੌਤੀਆਂ ਕਾਰਨ ਰਾਹਤ ਕਾਰਜਾਂ ਵਿੱਚ ਰੁਕਾਵਟ ਆਈ ਹੈ। ਸਥਾਨਕ ਲੋਕ ਭਾਰੀ ਉਪਕਰਣਾਂ ਦੀ ਮਦਦ ਤੋਂ ਬਿਨਾਂ ਬਚੇ ਲੋਕਾਂ ਦੀ ਭਾਲ ਕਰ ਰਹੇ ਹਨ ਅਤੇ 41 ਡਿਗਰੀ ਸੈਲਸੀਅਸ ਦੀ ਗਰਮੀ ਵਿੱਚ ਹੱਥਾਂ ਅਤੇ ਬੇਲਚਿਆਂ ਨਾਲ ਮਲਬਾ ਹਟਾਉਣ ਲਈ ਮਜਬੂਰ ਹਨ। ਐਤਵਾਰ ਦੁਪਹਿਰ ਨੂੰ ਆਏ 5.1 ਤੀਬਰਤਾ ਦੇ ਭੂਚਾਲ ਕਾਰਨ ਸੜਕਾਂ ਤੇ ਲੋਕਾਂ ਦੀਆਂ ਚੀਕਾਂ ਨਿਕਲ ਗਈਆਂ। ਹਾਲਾਂਕਿ ਕੁਝ ਸਮੇਂ ਬਾਅਦ ਕੰਮ ਦੁਬਾਰਾ ਸ਼ੁਰੂ ਹੋ ਗਿਆ। ਮਾਂਡਲੇ ਵਿੱਚ ਰਹਿਣ ਵਾਲੇ 15 ਲੱਖ ਲੋਕਾਂ ਵਿੱਚੋਂ ਬਹੁਤਿਆਂ ਨੇ ਰਾਤ ਸੜਕਾਂ 'ਤੇ ਬਿਤਾਈ। ਭੂਚਾਲ ਕਾਰਨ ਬਹੁਤ ਸਾਰੇ ਲੋਕ ਬੇਘਰ ਹੋ ਗਏ ਹਨ।



### ਫਿਰ ਕੰਬੀ ਮਿਆਂਮਾਰ ਦੀ ਧਰਤੀ, ਆਇਆ ਭੂਚਾਲ

ਬੈਂਕਾਕ, 30 ਮਾਰਚ (ਚ.ਨ.ਸ.) : ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਨੇੜੇ ਅੱਜ 5.1 ਤੀਬਰਤਾ ਦਾ ਭੂਚਾਲ ਆਇਆ। ਜ਼ਿਕਰਯੋਗ ਹੈ ਕਿ ਮਿਆਂਮਾਰ ਵਿਚ 7.7 ਸ਼ਿੱਦਤ ਵਾਲੇ ਭੂਚਾਲ ਤੋਂ ਬਾਅਦ ਕਈ ਵਾਰ ਭੂਚਾਲ ਦੇ ਝਟਕੇ ਆ ਚੁੱਕੇ ਹਨ। ਸ਼ੁੱਕਰਵਾਰ ਨੂੰ 7.7 ਤੀਬਰਤਾ ਵਾਲੇ ਭੂਚਾਲ ਨਾਲ ਕਈ ਇਮਾਰਤਾਂ ਢਹਿ ਗਈਆਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਸੀ। ਇਸ ਭੂਚਾਲ ਨਾਲ ਹੁਣ ਤੱਕ 1,600 ਤੋਂ ਵੱਧ ਲੋਕਾਂ ਦੀ ਮੌਤ ਦੀ ਖ਼ਬਰ ਹੈ ਅਤੇ 3,400 ਤੋਂ ਵੱਧ ਲੋਕ ਲਾਪਤਾ ਹਨ ਪਰ ਮੌਤਾਂ ਦੀ ਗਿਣਤੀ ਵਧਣ ਦੀ ਉਮੀਦ ਹੈ।

### ਮਿਆਂਮਾਰ 'ਚ ਅਗਲੇ ਤਿੰਨ ਮਹੀਨੇ ਲਗਦੇ ਰਹਿਣਗੇ ਭੂਚਾਲ ਦੇ ਝਟਕੇ : ਫ਼ੀਨਿਕਸ

ਯਾਂਗੂਨ, 30 ਮਾਰਚ (ਚ.ਨ.ਸ.) : ਸ਼ੁੱਕਰਵਾਰ ਨੂੰ ਮਿਆਂਮਾਰ ਵਿਚ ਆਏ ਵਿਨਾਸ਼ਕਾਰੀ ਭੂਚਾਲ ਦਾ ਡਰ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿਚ ਡੂੰਘਾ ਕਰ ਦਿੱਤਾ ਹੈ। 7.7 ਤੀਬਰਤਾ ਦੇ ਇਕ ਵੱਡੇ ਭੂਚਾਲ ਨੇ ਮਿਆਂਮਾਰ ਵਿਚ ਭਾਰੀ ਤਬਾਹੀ ਮਚਾਈ ਅਤੇ ਲਗਭਗ 1600 ਲੋਕਾਂ ਦੀ ਮੌਤ ਹੋ ਗਈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੌਤਾਂ ਦਾ ਅੰਕੜਾ 10000 ਤੋਂ ਪਾਰ ਹੋ ਸਕਦਾ ਹੈ। ਹੁਣ ਭੂ-ਵਿਗਿਆਨੀਆਂ ਵੱਲੋਂ ਭੂਚਾਲ ਦੇ ਝਟਕਿਆਂ ਬਾਰੇ ਨਵੀਂ ਚਿਤਾਵਨੀ ਜਾਰੀ ਕੀਤੀ ਗਈ ਹੈ।ਭੂ-ਵਿਗਿਆਨੀ ਜੈਸ ਫ਼ੀਨਿਕਸ ਅਨੁਸਾਰ ਮਿਆਂਮਾਰ ਵਿਚ ਇਸ ਤੀਬਰਤਾ ਦੇ ਭੂਚਾਲ ਨੇ 334 ਪਰਮਾਣੂ ਬੰਬਾਂ ਦੇ ਵਿਸਫੋਟ ਜਿੰਨੀ ਊਰਜਾ ਛੱਡੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ 7.7 ਤੀਬਰਤਾ ਵਾਲੇ ਭੂਚਾਲ ਤੋਂ ਬਾਅਦ, ਖੇਤਰ ਵਿਚ ਲੰਬੇ ਸਮੇਂ ਤਕ ਝਟਕੇ ਲੱਗ ਸਕਦੇ ਹਨ। ਭੂ-ਵਿਗਿਆਨੀ ਫ਼ੀਨਿਕਸ ਨੇ ਦਸਿਆ ਕਿ ਮਿਆਂਮਾਰ ਦੇ ਇਸ ਖੇਤਰ ਦੇ ਲੋਕਾਂ ਨੂੰ ਮਹੀਨਿਆਂ ਤਕ ਭੂਚਾਲ ਦੇ ਝਟਕਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਭਾਰਤੀ ਟੈਕਟੋਨਿਕ ਪਲੇਟ ਯੂਰੇਸ਼ੀਅਨ ਪਲੇਟ ਨਾਲ ਟਕਰਾ ਰਹੀ ਹੈ।

### ਜਨਮ ਦਿਨ ਮੁਬਾਰਕ


ਕਰਨਵੀਰ ਸਿੰਘ


ਨਿਵਾਨ ਰਣਦੇਵ


ਗੌਰਵ ਸਿੰਘ ਅਤੇ ਰਾਜਵੀਰ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



Sdn.Surinder Kaur
1 August 1945 - 28 March 2025
Left us for heavenly aboard on
28th March,2025
Bhog and Antim Ardaas
Gurudwara Singh Sabha.
Lower mall Road, Patiala
3rd April,2025
12.30 - 1.30 pm

Grief Stricken
Jasbir Singh Oberoi
( Husband)
Jaspreet Singh Oberoi & Kiranpreet Kaur
(Son and Daughter in law)
Hardeep Singh Oberoi & Ravinder Kaur
(Son and Daughter in law)
Tarunbir Kaur & Harjot Shah Singh
(Daughter and Son in law)
Oberoi & Alag Family






ਕਣਕ ਦੀ ਨਿਰਵਿਘਨ ਖ਼ਰੀਦ 1 ਅਪ੍ਰੈਲ 2025 ਤੋਂ

• 1865 ਮੰਡੀਆਂ/ਖ਼ਰੀਦ ਕੇਂਦਰਾਂ ਵਿੱਚ ਸੁਚੱਜੀ ਖ੍ਰੀਦ ਲਈ ਪੁਖਤਾ ਪ੍ਰਬੰਧ।
• ਮੰਡੀਆਂ ਵਿਚ ਬਿਜਲੀ, ਛਾਂ ਅਤੇ ਪੀਣ ਯੋਗ ਪਾਣੀ ਦਾ ਢੁੱਕਵਾਂ ਪ੍ਰਬੰਧ।
• ਮੰਡੀ ਵਿੱਚ ਕਣਕ ਲਿਆਉਣ ਤੋਂ ਪਹਿਲਾਂ ਆਪਣੇ ਆੜ੍ਹਤੀਏ ਪਾਸ ਆਪਣੀ ਜ਼ਮੀਨ ਦੀ ਮੈਪਿੰਗ ਕਰਵਾਈ ਜਾਵੇ ਤਾਂ ਜੋ ਕਣਕ ਵੇਚਣ ਸਮੇ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ।
• ਮੰਡੀ ਵਿੱਚ ਕਣਕ ਸੁਕਾ ਕੇ ਲਿਆਓ ਤਾਂ ਜੋ ਉਸ ਦੀ ਸਫਾਈ ਉਪਰੰਤ ਬੋਲੀ ਸਮੇਂ ਸਿਰ ਹੋ ਸਕੇ।
• ਜਮੀਨ ਮਾਲਕ ਮੰਡੀ ਬੋਰਡ ਦੇ ਪੋਰਟਲ "emandikaran-pb.in" ਉੱਪਰ ਆਪਣੀ ਜ਼ਮੀਨ ਦੀ ਹੋਈ ਲੈਂਡ ਮੈਪਿੰਗ ਦੇਖ ਸਕਦੇ ਹਨ।
• ਵਧੇਰੇ ਜਾਣਕਾਰੀ ਪੰਜਾਬ ਮੰਡੀ ਬੋਰਡ ਦੇ ਪੋਰਟਲ "emandikaran-pb.in" ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

" ਜੇ ਫਾਰਮ " ਹੋਲਡਰ ਕਿਸਾਨ ਆਯੂਸਮਾਨ ਹੈਲਥ ਸਕੀਮ ਤਹਿਤ ਰਜਿਸਟ੍ਰੇਸ਼ਨ ਕਰਵਾਉਣ ਲਈ ਸਬੰਧਿਤ ਮਾਰਕਿਟ ਕਮੇਟੀ ਵਿਖੇ ਸੰਪਰਕ ਕਰ ਸਕਦੇ ਹਨ।

ਹੋਰ ਜਾਣਕਾਰੀ ਲਈ ਸਬੰਧਤ ਸਕੱਤਰ, ਮਾਰਕਿਟ ਕਮੇਟੀ ਨਾਲ ਸੰਪਰਕ ਕੀਤਾ ਜਾਵੇ।

ਪੰਜਾਬ ਮੰਡੀ ਬੋਰਡ
ਪੰਜਾਬ ਮੰਡੀ ਭਵਨ, ਸੈਕਟਰ 65-ਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਕੰਟਰੋਲ ਰੂਮ ਟੈਲੀਫੋਨ ਨੰ: 0172-5101649 ਅਤੇ 0172-5101704



# ਪਟਿਆਲਾ-ਆਸ/ਪਾਸ



## ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਪ੍ਰੈਸ ਰੋਡ ਦਾ ਨਤੀਜਾ ਰਿਹਾ 100 ਫ਼ੀਸਦੀ



ਪਟਿਆਲਾ : ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਪ੍ਰੈਸ ਰੋਡ, ਪਟਿਆਲਾ ਵਿਖੇ 29 ਮਾਰਚ 2025 ਨੂੰ ਨਰਸਰੀ ਜਮਾਤ ਤੋਂ ਲੈ ਕੇ ਗਿਆਰਵੀਂ ਜਮਾਤ ਦੇ ਬੱਚਿਆਂ ਦੀ ਫਾਈਨਲ ਅਕਾਦਮਿਕ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਸਕੂਲ ਦੇ ਅਧਿਆਪਕ ਅਤੇ ਬੱਚਿਆਂ ਦੀ ਮਿਹਨਤ ਸਦਕਾ ਇਹ ਨਤੀਜਾ 100% ਰਿਹਾ ਪ੍ਰੀਖਿਆ ਵਿੱਚ ਅਵਲ ਆਉਣ ਵਾਲੇ ਬੱਚਿਆਂ ਨੂੰ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਜੀ ਵੱਲੋਂ ਪ੍ਰਸ਼ੰਸਾ ਪੱਤਰ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਯੂਕੇਜੀ ਜਮਾਤ ਦੇ ਵਿਦਿਆਰਥੀ ਦੀ ਗ੍ਰੈਜੂਏਸ਼ਨ ਸੈਰਾਮਨੀ ਵੀ ਕੀਤੀ ਗਈ। ਇਸ ਤੋਂ ਇਲਾਵਾ ਗੁਰੂ ਰਾਮਦਾਸ ਸਕਾਲਰਸ਼ਿਪ ਦੀ ਗੁਰਮਤਿ ਪ੍ਰੀਖਿਆ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ ਪ੍ਰਿੰਸੀਪਲ ਮੈਡਮ ਵੱਲੋਂ ਪਾਸ ਹੋਣ ਵਾਲੇ ਬੱਚਿਆਂ ਨੂੰ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਗਈ। ਉਹਨਾਂ ਵੱਲੋਂ ਬੱਚਿਆਂ ਨੂੰ ਹਮੇਸ਼ਾ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਕੇ ਕਾਮਯਾਬ ਹੁੰਦੇ ਰਹਿਣ ਦਾ ਆਸ਼ੀਰਵਾਦ ਦਿੱਤਾ ਤੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਂ ਰੌਸ਼ਨ ਕਰਨ ਦੀ ਪ੍ਰੇਰਨਾ ਦਿੱਤੀ।

## ਫ਼ਖਰ-ਏ-ਕੌਮ, ਪੰਥ ਰਤਨ, ਪਦਮ ਸ਼੍ਰੀ, ਭਾਈ ਸਾਹਿਬ ਸ੍ਰ. ਜਗਜੀਤ ਸਿੰਘ ਦਰਦੀ ਨੂੰ ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪ੍ਰਦਾਨ



ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ 'ਪਦਮ ਸ਼੍ਰੀ' ਪ੍ਰਾਪਤ ਡਾ. ਜਗਜੀਤ ਸਿੰਘ ਦਰਦੀ ਨੂੰ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਦੇ ਖ਼ੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਡਾਕਟਰ ਆਫ਼ ਫ਼ਿਲਾਸ.ਫੀ (ਆਨਰਿਸ ਕਾਜ਼ਾ) ਦੀ ਉਪਾਧੀ ਪ੍ਰਦਾਨ ਕੀਤੀ। ਇਹ ਸਨਮਾਨ ਯੂਨੀਵਰਸਿਟੀ ਦੇ 12ਵੇਂ ਸਲਾਨਾ ਕਾਨਵੋਕੇਸ਼ਨ ਦੌਰਾਨ ਦਿੱਤਾ ਗਿਆ। ਸ੍ਰ. ਦਰਦੀ ਨੂੰ 2022 ਵਿੱਚ ਭਾਰਤ ਦੇ ਰਾਸ਼ਟਰਪਤੀ ਵੱਲੋਂ 'ਪਦਮ ਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਉਨ੍ਹਾਂ ਦੀ ਸਾਂਝੀ ਇਕਜੁੱਟਤਾ, ਕੌਮੀ ਏਕਤਾ ਅਤੇ ਪੱਤਰਕਾਰਤਾ, ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਵਿਰਾਸਤ ਨੂੰ ਉਤਸ਼ਾਹਿਤ ਕਰਨ ਵਿੱਚ ਕੀਤੇ ਯੋਗਦਾਨ ਲਈ ਮਿਲਿਆ।

## ਪਿੰਡ ਅਲੀਵਾਲ ਵਿਖੇ ਸਿੱਧ ਬਾਬਾ ਲਛਮਣ ਜਤੀ ਯੂਥ ਕਲੱਬ ਵੱਲੋਂ 19ਵਾਂ ਕਬੱਡੀ ਖੇਡ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**☛ਮਾਨ ਸਰਕਾਰ ਨੇ ਬਜਟ ਸੈਸ਼ਨ 'ਚ ਵੀ ਖੇਡ ਮੈਦਾਨਾਂ ਲਈ ਵੱਡੀ ਰਕਮ ਜਾਰੀ ਕੀਤੀ : ਮੇਅਰ ਕੁੰਦਨ ਗੋਗੀਆ**

**☛ਹਲਕਾ ਸਨੌਰ ਦੇ ਨੌਜਵਾਨਾਂ ਲਈ ਜਿਮ ਤੇ ਖੇਡ ਮੈਦਾਨ ਵੱਡੀ ਗਿਣਤੀ 'ਚ ਸਥਾਪਿਤ ਹੋਣਗੇ : ਹਰਜਸ਼ਨ ਪਠਾਣਮਾਜਰਾ**



ਦੇਵੀਗੜ੍ਹ, 30 ਮਾਰਚ (ਗੁਰਜੀਤ ਸਿੰਘ ਢੋਟ) : ਸਿੱਧ ਬਾਬਾ ਲਛਮਣ ਜਤੀ ਯੂਥ ਕਲੱਬ ਵੱਲੋਂ ਦੋ ਰੋਜ਼ਾ 19ਵੇਂ ਕਬੱਡੀ ਖੇਡ ਮੇਲੇ ਦਾ ਦਰਸ਼ਕਾਂ ਨੇ ਖੂਬ ਨੰਦ ਮਾਣਿਆ ਖੇਡ ਮੇਲੇ ਵਿੱਚ ਚੋਟੀ ਦੀਆਂ ਟੀਮਾਂ ਨੇ ਭਾਗ ਲਿਆ। ਇਸ ਖੇਡ ਮੇਲੇ ਵਿੱਚ ਬਤੌਰ ਮੁੱਖ ਮਹਿਮਾਨ ਦੇ ਤੌਰ 'ਤੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅਤੇ ਹਰਜਸ਼ਨ ਸਿੰਘ ਪਠਾਣਮਾਜਰਾ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤਾ । ਇਸ ਮੌਕੇ ਉਨ੍ਹਾਂ ਨੇ ਖਿਡਾਰੀ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਨੇ ਬਜਟ ਸੈਸ਼ਨ ਵਿੱਚ ਵੀ ਖੇਡ ਮੈਦਾਨਾਂ ਲਈ ਵੱਡੀ ਰਕਮ ਜਾਰੀ ਕੀਤੀ ਹੈ, ਜੋ ਕਿ ਸ਼ਲਾਂਘਾ ਯੋਗ ਕਦਮ ਹੈ ਅਤੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਨੂੰ ਦੂਰ ਰੱਖ ਲਈ ਖੇਡਾਂ ਦੇ ਯੋਗ ਪ੍ਰਬੰਧ ਕੀਤੇ ਹਨ। ਉਨਾਂ ਕਿਹਾ ਕਿ ਹਲਕਾ ਸਨੌਰ ਦੇ ਨੌਜਵਾਨਾਂ ਲਈ ਜਿਮ ਤੇ ਖੇਡ ਮੈਦਾਨ ਵੱਡੀ ਗਿਣਤੀ ਵਿੱਚ ਸਥਾਪਿਤ ਹੋਣਗੇ । ਇਸ ਕਬੱਡੀ ਟੂਰਨਾਮੈਂਟ ਵਿਚ 47 ਕਿਲੋ ਵਰਗ ਦੀਆਂ 12 ਟੀਮਾਂ 57 ਕਿਲੋ ਵਰਗ ਦੀਆਂ ਨੌ ਟੀਮਾਂ 65 ਕਿਲੋ ਵਰਗ ਦੀਆਂ 11 ਟੀਮਾਂ 75 ਕਿਲੋ ਵਰਗ ਦੀਆਂ ਅੱਠ ਟੀਮਾਂ ਨੇ ਪਹਿਲੇ ਦਿਨ ਹਾਜ਼ਰੀ ਲਵਾਈ ਅਤੇ ਦੂਸਰੇ ਦਿਨ ਮਿਨੀ ਓਪਨ ਅੱਠ ਟੀਮਾਂ ਲੜਕੀਆਂ ਆਲ ਓਪਨ ਸੱਤ ਟੀਮਾਂ ਇਕ ਪਿੰਡ ਆਲ ਓਪਨ 16 ਟੀਮਾਂ ਨੇ ਦੂਸਰੇ ਦਿਨ ਖੇਡ ਮੇਲੇ 'ਚ ਭਾਗ ਲਿਆ 47 ਕਿੱਲੋ ਵਰਗ ਦੀ ਫਸਟ ਚਿੜਵੀ ਅਤੇ ਸੈਕੰਡ ਨਿਜਾਮਨੀ ਵਾਲਾ 57 ਕਿੱਲੋ ਵਰਗ ਦੀ ਫਸਟ ਭਾਗਲ ਹਰਿਆਣਾ ਅਤੇ ਸੈਕਿੰਡ ਬਲਵੇੜਾ ਪੰਜਾਬ 65 ਕਿੱਲੋ ਵਰਗ ਪਹਿਲਾ ਇਨਾਮ ਹਾਸਲ ਕੀਤਾ ਅਤੇ ਦੂਸਰਾ ਘਨੌਰ ਨੇ ਜਿੱਤਿਆ 75 ਕਿੱਲੋ ਵਰਗ ਵਿੱਚੋਂ ਫਸਟ ਦਾਉਣ ਕਲਾਂ ਅਤੇ ਦੂਸਰਾ ਨਾਮ ਘਨੌਰ ਨੇ ਜਿੱਤਿਆ ਖੇਡ ਕਬੱਡੀ ਮੇਲੇ ਦੇ ਦੂਸਰੇ ਦਿਨ ਲੜਕੀਆਂ ਆਲ ਓਪਨ ਪਹਿਲਾਂ ਨਾਮ ਹੁਸੈਨਪੁਰ ਅਤੇ ਦੂਸਰਾ ਰਾਮਗੜ੍ਹ ਨੇ ਜਿੱਤਿਆ ਮਿਨੀ ਓਪਨ ਲੜਕਿਆਂ ਪਹਿਲਾ ਨਾਮ ਪਹਿਲਾ ਨਾਮ ਦੌਂਣ ਕਲਾਂ ਅਤੇ ਦੂਸਰਾ ਘਨੌਰ ਦੀਆਂ ਟੀਮਾਂ ਨੇ ਜਿੱਤਿਆ ਇੱਕ ਪਿੰਡ ਓਪਨ ਲੜਕਿਆਂ ਦੀ ਟੀਮ ਨੇ ਪਹਿਲਾਂ ਇਨਾਮ ਭਾਗਲ ਅਤੇ ਦੂਸਰਾ ਇਨਾਮ ਸੈਂਪਲੀ ਸਾਹਿਬ ਦੀਆਂ ਟੀਮਾਂ ਨੇ ਜਿੱਤਿਆ।

ਇਸ ਮੌਕੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ, ਹਰਜਸ਼ਨ ਸਿੰਘ ਪਠਾਣਮਾਜਰਾ , ਪਰਮਜੀਤ ਸਿੰਘ ਸਰੋਆ, ਡਾਕਟਰ ਗੁਰਮੀਤ ਸਿੰਘ ਬਿੱਟੂ, ਡੀ ਐਸ ਪੀ ਜਸਕਰਨ ਸਿੰਘ, ਦਰਸ਼ਨਪਾਲ ਸਿੰਘ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਸੱਜਣ ਸਿੰਘ ਸਰੋਆ, ਆੜ੍ਹਤੀ ਐਸੋਸ਼ੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਚੋਂਕੀ ਇੰਚਾਰਜ ਦਲਜੀਤ ਸਿੰਘ ਕਾਹਲੋਂ, ਕਲੱਬ ਪ੍ਰਧਾਨ ਲਵਦੀਪ ਸਿੰਘ ਮੱਲ੍ਹੀ, ਜਥੇਦਾਰ ਗੁਲਜਾਰ ਸਿੰਘ, ਮੱਖਣ ਸਿੰਘ ਮੱਲੀ, ਅਵਤਾਰ ਸਿੰਘ, ਜਗਤਾਰ ਸਿੰਘ, ਬਲਵੀਰ ਸਿੰਘ ,ਰਾਮ ਸਿੰਘ, ਦਿਲਬਾਗ ਸਿੰਘ, ਸਰਪੰਚ ਬਲਕਾਰ ਸਿੰਘ ਅਲੀਵਾਲ , ਪੂਰਨ ਔਲਖ, ਦਿਲਵੀਰ ਸਿੰਘ, ਹਰਸ਼ ਮੱਲੀ, ਵਕੀਲ ਸਰਪੰਚ, ਪਰਮਜੀਤ ਸਿੰਘ ਮਹਿਮੂਦਪੁਰ, ਜਰਨੈਲ ਸਿੰਘ ਔਲਖ, ਜਸਵਿੰਦਰ ਸਿੰਘ ਡਰੋਲੀ ਅਤੇ ਹੋਰ ਇਲਾਕੇ ਦੇ ਨਾਮਵਰ ਲੋਕ ਮੌਜੂਦ ਸਨ



# SRI GURU HARKRISHAN PUBLIC SCHOOL
## SST NAGAR, PATIALA
### AFFILIATED TO CBSE
NUR TO XII (MEDICAL, NON-MEDICAL, COMMERCE, HUMANITIES)




# ADMISSION OPEN 2025-26

**50% Off in Admission fee**

- School App (Regular Information to Parents for Attendance, Homework & Academic performance.
- Wi-Fi enabled Campus.
- CCTV Camera Surveillance.
- RO Purified drinking water.
- Smart class teaching through Projectors.
- Well Equipped Computer Lab and Educative Toys.
- Safe and Secure transport facility.
- Well stocked Library

sghkps11@gmail.com 98770-13204, 98553-92817

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਮਿਸ਼ਨ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਅਤੇ ਚੰਗੇ ਇਨਸਾਨ ਬਣਾਉਣਾ


ਪ੍ਰਿੰਸੀਪਲ ਡਾ. ਕੰਵਲਜੀਤ ਕੌਰ




ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕਿਰਪਾ ਅਤੇ ਮਿਹਰ ਸਦਕਾ ਸੰਨ 1992 ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਨਾਂ 'ਤੇ ਇੱਕ ਪੌਦਾ ਲਗਾਇਆ ਗਿਆ ਜਿਹੜਾ ਕਿ ਸਕੂਲ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਅਤੇ ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਦਰਦੀ ਦੀ ਮਿਹਨਤ ਅਤੇ ਅਗਵਾਈ ਹੇਠ ਇੱਕ ਵਿਸ਼ਾਲ ਦਰੱਖਤ ਦਾ ਰੂਪ ਧਾਰਨ ਕਰ ਗਿਆ ਤੇ ਹਰ ਜਗ੍ਹਾ ਆਪਣੀ ਖੁਸ਼ਬੂ ਫੈਲਾ ਰਿਹਾ ਹੈ। ਇਸ ਸਕੂਲ ਦੀ ਸਫਲਤਾ ਦਾ ਸਿਹਰਾ ਇਥੋਂ ਦੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਨੂੰ ਜਾਂਦਾ ਹੈ ਜਿਨ੍ਹਾਂ ਨੇ ਪਿਛਲੇ ਕਈ ਸਾਲਾਂ ਤੋਂ ਇਸ ਸਕੂਲ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਸੰਭਾਲੀ ਹੋਈ ਹੈ ਅਤੇ ਆਪਣੀ ਇਮਾਨਦਾਰੀ, ਮਿਹਨਤ ਅਤੇ ਸਮਰਪਣ ਸਦਕਾ ਸਮੇਂ ਦੇ ਨਾਲ-ਨਾਲ ਬਦਲਾਵ ਲਿਆ ਕੇ ਇਸ ਸਕੂਲ ਨੂੰ ਇੱਕ ਨਵੀਂ ਸੇਧ ਦਿੱਤੀ ਜਿਸ ਨਾਲ ਇਹ ਵਿਦਿਅਕ ਅਦਾਰਾ ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਹ ਸਕੂਲ ਉੱਤਮਤਾ ਦਾ ਪ੍ਰਤੀਕ ਹੈ ਜੋ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਦੇ ਨਾਲ ਨਾਲ ਉਹਨਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਡੱਟ ਕੇ ਸਾਹਮਣਾ ਕਰਨ ਦੀ ਹਿੰਮਤ ਅਤੇ ਸਵੈ ਭਰੋਸਾ ਕਰਨ ਦੀ ਸਿੱਖਿਆ ਦਿੰਦਾ ਹੈ। ਸਕੂਲ ਦਾ ਵਾਤਾਵਰਨ ਬੱਚਿਆਂ ਦੇ ਅਨੁਕੂਲ ਹਰਿਆਲੀ ਭਰਪੂਰ ਹੈ, ਸੁੰਦਰ ਇਮਾਰਤ, ਖੁੱਲੇ ਹਵਾਦਾਰ ਕਮਰੇ, ਸੁੰਦਰ ਤੇ ਆਕਰਸ਼ਕ ਖੇਡ ਦਾ ਮੈਦਾਨ ਅਤੇ ਵਿਦਿਆਰਥੀਆਂ ਦੇ ਸਰਵ ਪੱਖੀ ਵਿਕਾਸ ਲਈ ਨਵੀਨਤਮ ਤਰੀਕੇ ਨਾਲ ਤਿਆਰ ਕੀਤੀਆਂ ਲੈਬਸ, ਲਾਈਬਰੇਰੀ ਵੀ ਹੈ।

ਸਕੂਲ ਦਾ ਮਿਸ਼ਨ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਨੂੰ ਪਰਫੁੱਲਤ ਕਰਨਾ, ਉਹਨਾਂ ਦੀ ਲੁਕਵੀਂ ਪ੍ਰਤਿਭਾ ਨੂੰ ਉਭਾਰਨਾ, ਵਧੀਆ ਖਿਡਾਰੀ ਬਣਾਉਣਾ, ਗੀਤ, ਸੰਗੀਤ, ਚਿੱਤਰਕਾਰੀ, ਡਾਂਸ, ਗੱਤਕਾ, ਤਾਈਕਵਾਡੋਂ ਦੇ ਨਾਲ ਨਾਲ ਹਰ ਖੇਤਰ ਵਿੱਚ ਉਹਨਾਂ ਦੇ ਵਿਕਾਸ ਲਈ ਸਮੇਂ-ਸਮੇਂ 'ਤੇ ਸਕੂਲ ਵਿੱਚ ਵਿੱਦਿਅਕ ਗਤੀਵਿਧੀਆਂ ਅਤੇ ਹੋਰ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਸਮਾਗਮਾਂ ਦਾ ਪ੍ਰਸਾਰਨ ਚੜ੍ਹਦੀ ਕਲਾ ਟਾਈਮ ਟੀ.ਵੀ. 'ਤੇ ਸਮੇਂ-ਸਮੇਂ 'ਤੇ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੇ ਅਕਾਦਮਿਕ ਨਤੀਜੇ ਵਧੀਆ ਹੋਣ ਇਸ ਲਈ ਖਾਸ ਤੌਰ 'ਤੇ ਧਿਆਨ ਦਿੱਤਾ ਜਾਂਦਾ ਹੈ।

ਦਸਵੀਂ ਅਤੇ ਬਾਰਵੀਂ ਦੇ ਬੋਰਡ ਦੇ ਇਮਤਿਹਾਨਾਂ ਵਿੱਚ ਹਰ ਸਾਲ ਵਿਦਿਆਰਥੀਆਂ ਦਾ ਨਤੀਜਾ100% ਰਹਿੰਦਾ ਹੈ। ਖੇਡਾਂ ਦੇ ਖੇਤਰ ਵਿੱਚ ਵੀ ਵਿਦਿਆਰਥੀਆਂ ਦੀਆਂ ਖਾਸ ਉਪਲਬੱਧੀਆਂ ਹਨ, ਇਸ ਸਕੂਲ ਦੇ ਵਿਦਿਆਰਥੀਆਂ ਵੱਲੋਂ ਹਰ ਸਾਲ ਜ਼ਿਲ੍ਹਾ ਪੱਧਰ, ਰਾਜ ਪੱਧਰ ਅਤੇ ਰਾਸ਼ਟਰੀ ਪੱਧਰ 'ਤੇ ਅਥਲੈਟਿਕਸ, ਜਿਮਨਾਸਟਿਕ, ਤੀਰ-ਅੰਦਾਜ਼ੀ, ਬਾਕਸਿੰਗ, ਕ੍ਰਿਕਟ, ਰੋਲਰ ਸਕੇਟਿੰਗ, ਲਾਅਨ ਟੈਨਿਸ, ਟੇਬਲ ਟੈਨਿਸ, ਹਾਕੀ, ਫੁੱਟਬਾਲ, ਤਾਈਕਵਾਡੋਂ ਆਦਿ ਵਿੱਚ ਅਨੇਕਾਂ ਹੀ ਇਨਾਮ ਤੇ ਮੈਡਲ ਜਿੱਤਦੇ ਹਨ। ਸਕੂਲ ਦਾ ਮਾਹੌਲ ਪਰਿਵਾਰਿਕ ਹੈ ਜਿੱਥੇ ਹਰ ਕੋਈ ਬੱਚਾ ਆਪਣੀ ਆਰਥਿਕ ਜਾਂ ਸਮਾਜਿਕ ਪਰੇਸ਼ਾਨੀ ਅਧਿਆਪਕਾਂ ਨਾਲ ਸਾਂਝੀ ਕਰ ਸਕਦਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕਿਰਪਾ ਸਦਕਾ ਵਿਦਿਆਰਥੀ ਗੁਰਮਤਿ ਨਾਲ ਜੁੜੇ ਹੋਏ ਹਨ ਅਤੇ ਧਾਰਮਿਕ ਮੁਕਾਬਲਿਆਂ ਵਿੱਚ ਬਹੁਤ ਸਾਰੇ ਇਨਾਮ ਜਿੱਤਦੇ ਹਨ। ਸਾਰੇ ਅਧਿਆਪਕ ਬੜੀ ਮਿਹਨਤ ਤੇ ਲਗਨ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ। ਸਾਡਾ ਮਿਸ਼ਨ ਵਿਦਿਆਰਥੀਆਂ ਨੂੰ ਚੰਗੇ ਇਨਸਾਨ ਬਣਾਉਣਾ, ਅਨੁਸ਼ਾਸਨ, ਸੇਵਾ- ਭਾਵਨਾ, ਸੱਚਾਈ, ਸਤਿਕਾਰ, ਸਵੈ ਨਿਰਭਰ ਅਤੇ ਦੇਸ਼ ਦੇ ਚੰਗੇ ਨਾਗਰਿਕ ਬਣਨ ਦੀ ਪ੍ਰੇਰਨਾ ਦੇਣਾ ਹੈ ਤਾਂ ਕਿ ਬੱਚੇ ਭਵਿੱਖ ਵਿੱਚ ਤਰੱਕੀ ਕਰਕੇ ਆਪਣੇ ਸਕੂਲ, ਪਰਿਵਾਰ ਅਤੇ ਦੇਸ਼ ਦਾ ਨਾਂ ਰੋਸ਼ਨ ਕਰ ਸਕਣ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐਸ.ਐਸ.ਟੀ. ਨਗਰ ਦੀ ਫਾਈਨਲ ਪ੍ਰੀਖਿਆ ਦਾ ਸ਼ਾਨਦਾਰ ਨਤੀਜਾ



ਪਟਿਆਲਾ : ਸ੍ਰੀ ਹਰਿਕ੍ਰਿਸ਼ਨ ਪਬਲਿਕ ਸਕੂਲ, ਐਸ.ਐਸ.ਟੀ.ਨਗਰ, ਪਟਿਆਲਾ ਵਿਖੇ ਮਿਤੀ 28 ਮਾਰਚ 2025 ਨੂੰ ਨਰਸਰੀ ਜਮਾਤ ਤੋਂ ਛੇਵੀਂ ਜਮਾਤ ਤੱਕ ਦੇ ਬੱਚਿਆਂ ਦੀ ਫਾਈਨਲ ਅਕਾਦਮਿਕ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕੀਤਾ ਗਿਆ। ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਦੀ ਮਿਹਨਤ ਸਦਕਾ ਇਹ ਨਤੀਜਾ 100% ਰਿਹਾ। ਪ੍ਰੀਖਿਆ ਵਿੱਚ ਅਵੱਲ ਆਉਣ ਵਾਲੇ ਬੱਚਿਆਂ ਨੂੰ ਸਕੂਲ ਦੇ ਚੇਅਰਮੈਨ 'ਪਦਮ ਸ਼੍ਰੀ' ਅਵਾਰਡੀ ਡਾ. ਜਗਜੀਤ ਸਿੰਘ ਜੀ ਦਰਦੀ, ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਜੀ ਦਰਦੀ, ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਤੇ ਸੀ.ਈ.ਓ ਡਾ: ਇੰਦਰਪ੍ਰੀਤ ਕੌਰ ਜੀ ਦਰਦੀ ਵੱਲੋਂ ਪ੍ਰਸ਼ੰਸਾ ਪੱਤਰ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਯੂ. ਕੇ. ਜੀ. ਜਮਾਤ ਦੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰਾਮਨੀ ਵੀ ਕੀਤੀ ਗਈ। ਇਸ ਤੋਂ ਇਲਾਵਾ ਗੁਰੂ ਰਾਮਦਾਸ ਸਕਾਲਰਸ਼ਿਪ ਦੀ ਗੁਰਮਤਿ ਪ੍ਰੀਖਿਆ ਵਿੱਚ ਵਧੀਆ ਨੰਬਰ ਅੰਕ ਪ੍ਰਾਪਤ ਕਰਕੇ ਪਾਸ ਹੋਣ ਵਾਲੇ ਬੱਚਿਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ। ਪ੍ਰਿੰਸੀਪਲ ਮੈਡਮ ਵੱਲੋਂ ਪਾਸ ਹੋਣ ਵਾਲੇ ਸਾਰੇ ਹੀ ਬੱਚਿਆਂ ਨੂੰ ਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ। ਉਹਨਾਂ ਵੱਲੋਂ ਬੱਚਿਆਂ ਨੂੰ ਹਮੇਸ਼ਾ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਕੇ ਕਾਮਯਾਬ ਹੁੰਦੇ ਰਹਿਣ ਦਾ ਆਸ਼ੀਰਵਾਦ ਦਿੱਤਾ ਅਤੇ ਆਪਣੇ ਮਾਤਾ ਪਿਤਾ ਤੇ ਸਕੂਲ ਦਾ ਨਾਂ ਰੋਸ਼ਨ ਕਰਨ ਦੀ ਪ੍ਰੇਰਨਾ ਦਿੱਤੀ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼ਾਂਤੀ ਨਗਰ ਦੀਆਂ ਫਾਈਨਲ ਪ੍ਰੀਖਿਆਵਾਂ ਦੇ ਸ਼ਾਨਦਾਰ ਨਤੀਜੇ ਐਲਾਨੇ




ਚੰਡੀਗੜ੍ਹ : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼ਾਂਤੀ ਨਗਰ, ਪਟਿਆਲਾ ਵਿਖੇ ਅੱਜ ਮਿਤੀ 29 ਮਾਰਚ 2025 ਨੂੰ ਪਹਿਲੀ ਜਮਾਤ ਤੋਂ ਨੌਵੀਂ ਜਮਾਤ ਤੱਕ ਤੇ 10+1 ਦੇ ਬੱਚਿਆਂ ਦੀਆਂ ਫਾਈਨਲ ਅਕਾਦਮਿਕ ਪ੍ਰੀਖਿਆਵਾਂ ਦੇ ਨਤੀਜੇ ਘੋਸ਼ਿਤ ਕੀਤੇ ਗਏ। ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਦੀ ਮਿਹਨਤ ਸਦਕਾ ਇਹ ਨਤੀਜਾ 100% ਰਿਹਾ। ਪ੍ਰੀਖਿਆ ਵਿੱਚ ਅਵੱਲ ਆਉਣ ਵਾਲੇ ਬੱਚਿਆਂ ਨੂੰ ਸਕੂਲ ਦੇ ਚੇਅਰਮੈਨ 'ਪਦਮ ਸ਼੍ਰੀ' ਅਵਾਰਡੀ ਡਾ. ਜਗਜੀਤ ਸਿੰਘ ਜੀ ਦਰਦੀ, ਡਾਇਰੈਕਟਰ ਮੈਡਮ ਸ੍ਰੀਮਤੀ ਜਸਵਿੰਦਰ ਕੌਰ ਜੀ ਦਰਦੀ, ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਜੀ ਅਤੇ ਸੀ.ਈ.ਓ ਡਾ. ਇੰਦਰਪ੍ਰੀਤ ਕੌਰ ਜੀ ਦਰਦੀ ਵੱਲੋਂ ਪ੍ਰਸ਼ੰਸਾ ਪੱਤਰ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਪਹਿਲੀ ਜਮਾਤ ਦੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰਾਮਨੀ ਵੀ ਕੀਤੀ ਗਈ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਬਣਾਏ ਗਏ ਸੁੰਦਰ ਮਾਡਲ, ਕਾਪੀਆਂ ਤੇ ਫਾਈਲਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰਿੰਸੀਪਲ ਮੈਡਮ ਵੱਲੋਂ ਪਾਸ ਹੋਣ ਵਾਲੇ ਸਾਰੇ ਹੀ ਬੱਚਿਆਂ ਨੂੰ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਵੱਲੋਂ ਬੱਚਿਆਂ ਨੂੰ ਹੋਰ ਵੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਕੇ ਕਾਮਯਾਬ ਹੁੰਦੇ ਰਹਿਣ ਤੇ ਆਪਣੇ ਮਾਤਾ ਪਿਤਾ ਤੇ ਸਕੂਲ ਦਾ ਨਾਂ ਰੋਸ਼ਨ ਕਰਦੇ ਰਹਿਣ ਦਾ ਆਸ਼ੀਰਵਾਦ ਦਿੱਤਾ। ਉਨ੍ਹਾਂ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਭਾਗ ਲੈਣ ਦੀ ਪ੍ਰੇਰਨਾ ਦਿੱਤੀ ਗਈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ 11ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਰਵਾਇਆ 'ਦਿਸ਼ਾ ਨਿਰਦੇਸ਼ ਪ੍ਰੋਗਰਾਮ'



ਪਟਿਆਲਾ : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ 28 ਮਾਰਚ 2025 ਨੂੰ 11ਵੀਂ ਜਮਾਤ ਦੇ ਵਿਦਿਆਰਥੀਆਂ ਲਈ ਦਿਸ਼ਾ ਨਿਰਦੇਸ਼ ਪ੍ਰੋਗਰਾਮ ਦਾ ਆਯੋਜਨ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸਕੂਲੀ ਬੱਚਿਆਂ ਤੇ ਸਟਾਫ ਵੱਲੋਂ ਸਮੂਹਿਕ ਤੌਰ ਤੇ ਸ਼ਬਦ ਰਾਹੀਂ ਕੀਤੀ ਗਈ। ਸਕੂਲ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਜੀ ਤੇ ਡਾਇਰੈਕਟਰ ਡਾ. ਜਸਵਿੰਦਰ ਕੌਰ ਦਰਦੀ ਜੀ ਨੇ ਇਸ ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਵਾਲੀਆ ਜੀ ਵੱਲੋਂ ਸਕੂਲ ਮੈਨੇਜਮੈਂਟ ਤੇ ਮਾਪਿਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਉਹਨਾਂ ਨੇ ਆਪਣੇ ਸ਼ਬਦਾਂ ਰਾਹੀਂ ਮਿਆਰੀ ਸਿੱਖਿਆ ਪ੍ਰਦਾਨ ਕਰਨ ਤੇ ਸਰਬਪੱਖੀ ਵਿਕਾਸ ਨੂੰ ਉਤਸਾਹਿਤ ਕਰਨ ਲਈ ਸਕੂਲ ਦੀ ਵਚਨਬੱਧਤਾ ਤੇ ਜ਼ੋਰ ਦਿੱਤਾ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵਿੱਦਿਅਕ ਢਾਂਚੇ, ਨਿਯਮਾਂ ਤੇ ਸਹਿ -ਪਾਠਕ੍ਰਮ ਦੇ ਮੌਕਿਆਂ ਤੋਂ ਜਾਣੂ ਕਰਵਾਉਣਾ ਸੀ। ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਚੋਣ (ਮੈਡੀਕਲ, ਨਾਨ ਮੈਡੀਕਲ, ਕਾਮਰਸ ਆਰਟਸ) ਬਾਰੇ ਵੱਖ-ਵੱਖ ਵਿਸ਼ਾ ਮਾਹਿਰ ਅਧਿਆਪਕਾਂ ਦੁਆਰਾ ਜਾਣਕਾਰੀ ਦਿੱਤੀ ਗਈ ਤਾਂ ਜੋ ਉਹ ਆਪਣੇ ਭਵਿੱਖ ਲਈ ਸਹੀ ਰਸਤੇ ਦੀ ਚੋਣ ਕਰ ਸਕਣ । ਇਸ ਦੇ ਨਾਲ ਹੀ ਪ੍ਰੀਖਿਆ ਦੇ ਪੈਟਰਨਾਂ, ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਤੇ ਅਨੁਸ਼ਾਸਨ ਦੇ ਦਿਸ਼ਾ ਨਿਰਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਸਕੂਲ ਦੇ ਸੁਚਾਰੂ ਪ੍ਰਬੰਧ ਵਿਗਿਆਨ ਪ੍ਰਯੋਗਸ਼ਾਲਾਵਾਂ, ਵਿਸ਼ਾਲ ਲਾਈਬ੍ਰੇਰੀ ਤੇ ਖੇਡਾਂ ਦੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀਆਂ ਸਹਿ-ਪਾਠਕ੍ਰਮ ਗਤੀਵਿਧੀਆਂ ਜਿਵੇਂ ਕਿ ਵੱਖ-ਵੱਖ ਸਮਾਜਿਕ ਤੇ ਰਾਜਨੀਤਿਕ ਮੁੱਦਿਆਂ ਤੇ ਭਾਸ਼ਣ ਮੁਕਾਬਲੇ, ਕੁਇਜ਼ ਮੁਕਾਬਲਾ, ਨਾਟਕ ਤੇ ਸਕਿੱਟ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਇਲਾਵਾ ਇਹ ਪ੍ਰੋਗਰਾਮ ਮਾਪਿਆਂ ਤੇ ਅਧਿਆਪਕਾਂ ਦੀ ਆਪਸੀ ਤਾਲਮੇਲ 'ਚ ਕੜੀ ਸਾਬਤ ਹੋਇਆ। ਜਿਸ ਰਾਹੀਂ ਮਾਪਿਆਂ ਨੂੰ ਅਧਿਆਪਕਾਂ ਨਾਲ ਮਿਲ ਕੇ ਗੱਲਬਾਤ ਕਰਨ ਆਪਣੇ ਮਨ ਦੇ ਸ਼ੰਕਿਆਂ ਨੂੰ ਦੂਰ ਕਰਨ ਤੇ ਆਪਣੇ ਬੱਚਿਆਂ ਦੇ ਅਕਾਦਮਿਕ ਸਫਰ 'ਚ ਸਹੀ ਵਿਸ਼ੇ ਚੁਣਨ ਲਈ ਮਾਰਗਦਰਸ਼ਨ ਲੈਣ ਦਾ ਮੌਕਾ ਮਿਲਿਆ। ਵਿਦਿਆਰਥੀਆਂ ਨੇ ਇਸ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

# ਨਸ਼ਾ ਮੁਕਤੀ ਤੇ ਐਚ.ਆਈ.ਵੀ. ਏਡਜ਼ਉੱਪਰ ਜਾਗਰੂਕਤਾ ਸੈਮੀਨਾਰ



ਪਟਿਆਲਾ, 30 ਮਾਰਚ (ਚ.ਨ.ਸ.) : ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦੇ ਰੈੱਡ ਰਿਬਨ ਕਲੱਬ ਵੱਲੋਂ ਐਨ.ਸੀ.ਸੀ. ਨੇਵੀ ਵਿੰਗ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ. ਸੁਖਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਸ਼ਾ ਮੁਕਤੀ ਅਤੇ ਐਚ.ਆਈ.ਵੀ. ਏਡਜ਼ ਉੱਪਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਪ੍ਰੋ. ਯਸ਼ਪ੍ਰੀਤ ਸਿੰਘ, ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ, ਸ੍ਰੀਮਤੀ ਪਰਮਿੰਦਰ ਵਰਮਾ, ਪੰਜਾਬ ਰੈੱਡ ਕਰਾਸ ਸੋਸਾਇਟੀ ਸਾਕੇਤ ਹਸਪਤਾਲ ਅਤੇ ਕਾਕਾ ਰਾਮ ਵਰਮਾ ਸਮਾਜ ਸੇਵੀ ਅਤੇ ਮੁੱਢਲੀ ਸਹਾਇਤਾ ਸਪੈਸ਼ਲਿਸਟ ਬੁਲਾਰਿਆਂ ਵੱਜੋਂ ਸ਼ਾਮਲ ਹੋਏ। ਸਮਾਜ ਸੇਵੀ ਪਵਨ ਗੋਇਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਸਾਬਕਾ ਪ੍ਰਿੰਸੀਪਲ ਅਤੇ ਐਡਵੋਕੇਟ ਡਾ. ਆਰ.ਐਸ. ਟਿਵਾਣਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋ. ਯਸ਼ਪ੍ਰੀਤ ਸਿੰਘ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਇੱਕ ਚੰਗੀ ਸਿਹਤਮੰਦ ਜੀਵਨ ਸ਼ੈਲੀ ਜੀਉਣ ਅਤੇ ਖੇਡਾਂ ਨੂੰ ਜੀਵਨ ਦਾ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ। ਸ੍ਰੀਮਤੀ ਪਰਮਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸਮਾਜ ਵਿਚ ਪ੍ਰਚਲਿਤ ਨਸ਼ਿਆਂ ਦੀਆਂ ਕਿਸਮਾ ਅਤੇ ਐਚ.ਆਈ.ਵੀ. ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕੀਤਾ। ਕਾਕਾ ਰਾਮ ਵਰਮਾ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਖਤ ਮਿਹਨਤ ਕਰਦੇ ਹੋਏ ਤਰੱਕੀ ਕਰਨ ਦਾ ਸੁਨੇਹਾ ਦਿੱਤਾ। ਪਵਨ ਗੋਇਲ ਨੇ ਰਾਜ ਵਿੱਚ ਨਸ਼ਿਆਂ ਦੇ ਖ਼ਾਤਮੇ ਲਈ ਨੌਜਵਾਨ ਬ੍ਰਿਗੇਡ ਦੀ ਸਮੂਹਿਕ ਅਗਵਾਈ ਬਾਰੇ ਗੱਲ ਕੀਤੀ ਅਤੇ ਪ੍ਰੋਫੈਸਰ ਟਿਵਾਣਾ ਨੇ ਨਸ਼ਿਆਂ ਦੀ ਬੁਰਾਈ ਵਿਰੁੱਧ ਪੇਂਡੂ ਪੰਜਾਬ ਦੇ ਵਿਦਿਆਰਥੀਆਂ ਦੀ ਘਰ-ਘਰ ਮੁਹਿੰਮ ਦੀ ਲੋੜ 'ਤੇ ਚਾਨਣਾ ਪਾਇਆ। ਰਾਮ ਲਾਲ ਜ਼ਿਲ੍ਹਾ ਪ੍ਰਧਾਨ ਕਲਾਸ-4 ਕਰਮਚਾਰੀ ਯੂਨੀਅਨ ਨੇ ਸ਼ਹੀਦ ਸ. ਭਗਤ ਸਿੰਘ ਦੇ ਤੰਦਰੁਸਤ ਅਤੇ ਖੁਸ਼ਹਾਲ ਪੰਜਾਬ ਦੇ ਫਲਸਫੇ ਦੀ ਵਿਆਖਿਆ ਕੀਤੀ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਪ੍ਰੋਗਰਾਮ ਵਿੱਚ ਐਨ.ਐਸ.ਐਸ. ਯੂਨਿਟ-1 ਅਤੇ ਯੂਨਿਟ-2 ਅਤੇ ਐਨ.ਸੀ.ਸੀ. ਨੇਵੀ ਵਿੰਗ ਦੇ ਕੈਡਿਟਾਂ ਨੇ ਵੀ ਉਤਸ਼ਾਹ ਪੂਰਵਕ ਭਾਗ ਲਿਆ

# ਪਿੰਡ ਭੱਟੀਆਂ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ 'ਚ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ

## ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦਾ ਕੀਤਾ ਸਨਮਾਨ



ਭੁਨਰਹੇੜੀ, 30 ਮਾਰਚ (ਗੁਰਜੀਤ ਸਿੰਘ ਢੋਟ) : ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ ਤਹਿਤ ਗਰੈਜੂਏਸ਼ਨ ਸੈਰਮਨੀ (ਮਾਪੇ ਅਧਿਆਪਕ ਮਿਲਣੀ) ਕਰਵਾਈ ਗਈ ਜਿਸ ਤਹਿਤ ਪਿੰਡ ਭੱਟੀਆਂ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਵਿਖੇ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਮੈਡਮ ਨਿਸ਼ਾ ਗਰੋਵਰ, ਮੈਡਮ ਮਨਦੀਪ ਕੌਰ, ਅਤੇ ਗਾਈਡ ਅਧਿਆਪਕ ਰਿਸ਼ੀ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਕੂਲ ਵੱਲੋਂ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਦੇ ਨਤੀਜੇ ਐਲਾਨੇ ਗਏ ਹਨ, ਜਿਸ ਦੌਰਾਨ ਸਕੂਲ ਦਾ ਨਤੀਜਾ 100 ਫੀਸਦੀ ਰਿਹਾ ਹੈ। ਵਧੀਆ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਬਲਜੀਤ ਸਿੰਘ, ਐਸ.ਐਮ.ਸੀ ਦੇ ਚੇਅਰਮੈਨ ਨੀਟੂ ਸਿੰਘ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ।

# ਨਾਭਾ ਜੇਲ੍ਹ 'ਚ ਸਾਬਕਾ ਮੰਤਰੀ ਧਰਮਸੋਤ ਨਾਲ ਬਾਜਵਾ, ਹੈਰੀਮਾਨ ਤੇ ਜਲਾਲਪੁਰ ਵੱਲੋਂ ਮੁਲਾਕਾਤ



ਨਾਭਾ, 30 ਮਾਰਚ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੀ ਜੇਲ ਵਿੱਚ ਬੰਦ ਕਾਂਗਰਸ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਮਿਲਣ ਪਹੁੰਚੇ, ਉਹਨਾਂ ਦੇ ਨਾਲ ਸਨੌਰ ਅਤੇ ਘਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਹੈਰੀਮਾਨ, ਮਦਨ ਲਾਲ ਜਲਾਲਪੁਰ ਹਾਜ਼ਰ ਸਨ। ਪ੍ਰਤਾਪ ਬਾਜਵਾ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਧੂ ਸਿੰਘ ਧਰਮਸੋਤ ਜੇਲ 'ਚੋਂ ਜਲਦੀ ਹੀ ਰਿਹਾਅ ਹੋਣਗੇ । ਇਸ ਮੌਕੇ ਉਨ੍ਹਾਂ ਪੰਜਾਬ ਦੀ ਮੌਜੂਦਾ ਸਰਕਾਰ ਤੇ ਸਵਾਲ ਚੁੱਕਦਿਆਂ ਬਾਜਵਾ ਨੇ ਕਿਸਾਨਾਂ ਦੀਆਂ ਟਰਾਲੀਆਂ ਚੋਰੀ ਹੋਈਆਂ ਉਹਨਾਂ 'ਤੇ ਵੱਡੀ ਗੱਲ ਆਖੀ । ਦੂਸਰੇ ਪਾਸੇ ਪੰਜਾਬ ਪੁਲਿਸ 'ਤੇ ਬੋਲਦਿਆਂ ਕਿਹਾ ਕਿ ਪੰਜਾਬ ਪੁਲਿਸ ਦੇ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ, ਇਹਨਾਂ ਲੋਕਾਂ ਦੀ ਸਰਕਾਰ ਬਣਾ ਕੇ ਪੰਜਾਬ ਦੇ ਲੋਕ ਪਛਤਾ ਰਹੇ ਹਨ। ਇਹਨਾਂ ਨੂੰ ਕੋਈ ਪਿੰਡ ਦਾ ਮੈਂਬਰ ਬਣਾ ਕੇ ਵੀ ਖੁਸ਼ ਨੇ ਪ੍ਰਤਾਪ ਬਾਜਵਾ ਦੀ ਸਾਧੂ ਸਿੰਘ ਧਰਮਸੋਤ ਨਾਲ 45 ਮਿੰਟ ਲਗਾਤਾਰ ਮੁਲਾਕਾਤ ਹੋਈ ਹੈ।

# ਕੈਨੇਡਾ ਤੋਂ ਆਈ ਨੌਜਵਾਨ ਦੀ ਡੈੱਡਬਾਡੀ ਦਾ ਅੱਜ ਕੀਤਾ ਸਸਕਾਰ

ਪਟਿਆਲਾ, 30 ਮਾਰਚ (ਵਿਨੋਦ ਸ਼ਰਮਾ) : ਕੈਨੇਡਾ ਤੋਂ ਆਈ ਨੌਜਵਾਨ ਦੀ ਡੈੱਡਬਾਡੀ ਦਾ ਅੱਜ ਅੰਤਿਮ ਸਸਕਾਰ ਪੂਰੇ ਧਾਰਮਿਕ ਸਨਮਾਨਾਂ ਨਾਲ ਅੱਜ ਬੀਰ ਜੀ ਸਵਾਰਗਧਾਮ ਵਿਖੇ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਪੁਲਿਸ ਦੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਹੋਏ। ਇਸ ਤੋਂ ਇਲਾਵਾ ਨੌਜਵਾਨ ਗੁਰਕੀਰਤ ਸਿੰਘ ਨੂੰ ਸੇਜਲ ਭਰੀ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਭਾਰੀ ਗਿਣਤੀ ਵਿੱਚ ਉਨ੍ਹਾਂ ਦੇ ਚਾਹੁੰਣ ਵਾਲੇ ਵੀ ਹਾਜ਼ਰ ਸਨ। ਅੱਜ ਇੱਕ ਸਕਾਰਪਿਓ ਗੱਡੀ ਵਿੱਚ ਉਕਤ ਨੌਜਵਾਨ ਦੀ ਡੈੱਡਬਾਡੀ ਨੂੰ ਪੂਰੇ ਦੂਹਲੇ ਦੀ ਤਰ੍ਹਾਂ ਸਜਾ ਕੇ ਲਿਆਂਦਾ ਗਿਆ ਅਤੇ ਪੂਰੇ ਧਾਰਮਿਕ ਸਨਮਾਨਾਂ ਨਾਲ ਉਸ ਦਾ ਅੰਤਿਮ ਸਸਕਾਰ ਕੀਤਾ ਗਿਆ। ਇਸ ਮੌਕੇ ਮ੍ਰਿਤਕ ਨੌਜਵਾਨ ਦੇ ਪਿਤਾ ਏ.ਐਸ.ਆਈ. ਤੇਜਿੰਦਰਪਾਲ ਸਿੰਘ ਅਤੇ ਉਸ ਦਾ ਕੈਨੇਡਾ ਤੋਂ ਆਇਆ ਦੂਜਾ ਭਰਾ ਵੀ ਹਾਜ਼ਰ ਸੀ। ਇਸ ਮੌਕੇ ਸੀ.ਆਈ.ਏ. ਸਟਾਫ ਦੇ ਅਧਿਕਾਰੀ ਅਤੇ ਕਰਮਚਾਰੀ ਅਤੇ ਹੋਰ ਮੁਹੱਲਾ ਵਾਸੀ ਵੀ ਹਾਜ਼ਰ ਸਨ। ਇਹ ਨੌਜਵਾਨ ਜੋ ਕਿ ਪੁਰਾਣਾ ਬਿਸ਼ਨ ਨਗਰ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ ਅਤੇ ਸਟੱਡੀ ਵਿਜ਼ੇ 'ਤੇ ਪਹਿਲਾਂ ਕੈਨੇਡਾ ਗਿਆ ਸੀ।

# ਪੰਜਾਬ ਸਰਕਾਰ ਦਾ ਬਜਟ ਵਿਕਾਸ ਪੱਖੀ ਤੇ ਲੋਕ ਪੱਖੀ : ਗੁਰਜੀਤ ਸਿੰਘ ਸਾਹਨੀ



ਪਟਿਆਲਾ, 30 ਮਾਰਚ (ਰੁਪਾਣਾ) : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਕੌਂਸਲਰ ਗੁਰਜੀਤ ਸਿੰਘ ਸਾਹਨੀ ਨੇ ਪੰਜਾਬ ਸਰਕਾਰ ਦੇ ਬਜਟ ਨੂੰ ਸ਼ਲਾਘਾਯੋਗ ਕਾਰਜ ਦੱਸਿਆ। ਸਾਹਨੀ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਵਿੱਤੀ ਸਾਲ 2025-26 ਦਾ ਬਜਟ ਵਿਕਾਸ ਪੱਖੀ ਅਤੇ ਲੋਕ ਪੱਖੀ ਹੈ, ਜੋ ਸਮਾਜ ਦੇ ਹਰ ਵਰਗ ਦੀ ਭਲਾਈ, ਉੱਨਤੀ ਅਤੇ ਤਰੱਕੀ ਨੂੰ ਅਹਿਮੀਅਤ ਦਿੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਖੇਡਾਂ ਵਾਸਤੇ 979 ਕਰੋੜ ਰੁਪਏ ਦਾ ਬਜਟ ਰਖਣਾ ਚੰਗੀ ਗੱਲ ਹੈ। ਨਸ਼ਿਆਂ ਦੇ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਜਾ ਰਹੀ ਹੈ, ਜਿਸਦੇ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਾਸਤੇ ਸਖ਼ਤ ਕਦਮ ਚੁੱਕੇ ਜਾ ਰਹੇ ਹਨ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।





# ਪਟਿਆਲਾ-ਆਸ/ਪਾਸ



## ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸਮੱਗਲਰਾਂ ਨੂੰ ਕਾਬੂ ਕਰਨ ਲਈ ਚੱਲਿਆ ਸਰਚ ਅਭਿਆਨ

### ਸ਼ੱਕੀ ਵਿਅਕਤੀਆਂ ਨੂੰ ਕੀਤਾ ਰਾਊਂਡ ਅੱਪ



ਮਲੇਰਕੋਟਲਾ, 30 ਮਾਰਚ (ਗੁਰਮੀਤ ਮੰਨਵੀ/ਲਵਦੀਪ) : ਡਾਇਰੈਕਟਰ ਜਨਰਲ ਪੁਲਿਸ, ਪੰਜਾਬ (ਚੰਡੀਗੜ੍ਹ) ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ ਗਗਨ ਅਜੀਤ ਸਿੰਘ ਦੀ ਨਿਗਰਾਨੀ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸਮੱਗਲਰਾਂ ਨੂੰ ਕਾਬੂ ਕਰਨ ਲਈ ਕਪਤਾਨ ਪੁਲਿਸ ਇੰਨਵੈਸਟੀਗੇਸਨ ਵੈਭਵ ਸਹਿਗਲ ਦੀ ਦੇਖ-ਰੇਖ ਹੇਠ ਸਬ-ਡਵੀਜਨ ਅਹਿਮਦਗੜ੍ਹ ਅਤੇ ਸਬ-ਡਵੀਜਨ ਮਾਲੇਰਕੋਟਲਾ ਵਿਖੇ ਸਮੂਹ ਗਜਟਿਡ ਅਫਸਰਾਨ ਅਤੇ ਮੁੱਖ ਅਫਸਰਾਨ ਸਮੇਤ ਭਾਰੀ ਪੁਲਿਸ ਫੋਰਸ ਵੱਲੋਂ ਕਾਰਡਨ ਐਂਡ ਸਰਚ ਆਪਰੇਸਨ ਕੀਤਾ ਗਿਆ, ਇਸ ਕਾਰਵਾਈ ਦੌਰਾਨ ਮਾੜੇ ਅਨਸਰਾਂ/ਸ਼ੱਕੀ ਨਸ਼ਾਂ ਤਸਕਰਾਂ ਅਤੇ ਨਸ਼ਾਂ ਤਸਕਰੀ ਦੇ ਕੇਸਾਂ ਵਿੱਚ ਜਮਾਨਤ ਤੇ ਆਏ ਦੋਸ਼ੀਆਂ ਦੇ ਘਰਾਂ ਵਿੱਚ ਸਰਚ/ਰੇਡ ਕੀਤੀ ਗਈ। ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਵੱਲੋਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਓਪਰੇਸ਼ਨ ਦੌਰਾਨ ਮੁਹੱਲਾ ਭੂਮਸੀ ਵਿੱਚ ਖਾਸ ਤੌਰ 'ਤੇ ਆਮ ਪਬਲਿਕ ਦੀ ਮਦਦ ਨਾਲ ਚੈਕਿੰਗ ਕੀਤੀ ਗਈ, ਇਸ ਆਪਰੇਸ਼ਨ ਦੌਰਾਨ ਮਾਲੇਰਕੋਟਲਾ ਸ਼ਹਿਰ ਦੇ ਨਿਵਾਸ਼ੀਆ ਵੱਲੋਂ ਜਿਲ੍ਹਾ ਮਾਲੇਰਕੋਟਲਾ ਪੁਲਿਸ ਨੂੰ ਭਰਭੂਰ ਸਾਥ ਦਿੱਤਾ ਗਿਆ ਅਤੇ ਪੰਜਾਬ ਪੁਲਿਸ ਦੇ ਕੰਮ ਦੀ ਸ਼ਲਾਘਾ ਕੀਤੀ ਗਈ। ਇਸ ਤੋਂ ਇਲਾਵਾ ਇਸ ਆਪਰੇਸਨ ਦੌਰਾਨ ਕਈ ਸ਼ੱਕੀ ਵਿਅਕਤੀਆਂ ਨੂੰ ਰਾਊਡ ਅੱਪ ਕੀਤਾ ਗਿਆ ਹੈ, ਜਿੰਨਾ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਓਪਰੇਸ਼ਨ ਦਾ ਮੁੱਖ ਉਦੇਸ ਨਸ਼ਿਆਂ ਦੀ ਰੋਕਥਾਮ, ਮਾੜੇ ਅਨਸ਼ਰਾਂ ਨੂੰ ਕਾਬੂ ਕਰਨ ਅਤੇ ਆਮ ਪਬਲਿਕ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਹੈ ਅਤੇ ਭਵਿੱਖ ਵਿੱਚ ਵੀ ਮਾੜੇ ਅਨਸਰਾਂ ਅਤੇ ਨਸ਼ਾਂ ਤਸਕਰਾਂ ਨੂੰ ਗ੍ਰਿਫਤਾਰ ਕਰਨ ਲਈ ਅਜਿਹੀਆਂ ਕੋਸ਼ਿਸ਼ਾਂ ਕੀਤੀਆ ਜਾਣਗੀਆਂ, ਤਾਂ ਜੋ ਮੁੱਖ ਮੰਤਰੀ ਪੰਜਾਬ ਵੱਲੋਂ ਜਾਰੀ ਦਿਸਾ ਨਿਰਦੇਸਾਂ ਅਨੁਸਾਰ ਜ਼ਿਲ੍ਹਾ ਮਲੇਰਕੋਟਲਾ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ।

## ਸਕੂਲ ਆਫ਼ ਐਮੀਨੈੱਸ ਫ਼ੀਲਖ਼ਾਨਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ

### ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਸੂਬੇ 'ਚ ਆਈ ਸਿੱਖਿਆ ਕ੍ਰਾਂਤੀ : ਮੇਅਰ ਗੋਗੀਆ

**ਸਕੂਲ ਦਾ ਸਾਲਾਨਾ ਮੈਗਜ਼ੀਨ 'ਹੱਸਦੇ ਫੁੱਲ' ਦਾ ਲੋਕ ਅਰਪਣ**



ਪਟਿਆਲਾ, 30 ਮਾਰਚ (ਰੁਪਾਣਾ) : ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ, ਪਟਿਆਲਾ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਵਿੱਚ ਮੈਗਾ ਮਾਪੇ-ਅਧਿਆਪਕ ਮਿਲਣੀ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਕੁੰਦਨ ਗੋਗੀਆ ਮੇਅਰ ਨਗਰ ਨਿਗਮ, ਜਗਦੀਪ ਸਿੰਘ ਜੱਗਾ ਡਿਪਟੀ ਮੇਅਰ, ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਪਟਿਆਲਾ, ਇਸ਼ਾ ਸਿੰਗਲ ਸਹਾਇਕ ਡਿਪਟੀ ਕਮਿਸ਼ਨਰ (ਜ), ਸੰਜੀਵ ਸ਼ਰਮਾ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਟਿਆਲਾ, ਡਾ. ਰਵਿੰਦਰਪਾਲ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਟਿਆਲਾ, ਸ਼ਾਲੂ ਮਹਿਰਾ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਟਿਆਲਾ, ਮਨਵਿੰਦਰ ਕੌਰ ਭੁੱਲਰ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਟਿਆਲਾ, ਡਾ.ਨੀਰਜ ਗੋਇਲ ਪ੍ਰਿੰਸੀਪਲ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ, ਮੀਨਾ ਡਾਬੀ ਕੌਂਸਲਰ, ਅਮਿਤ ਡਾਬੀ ਪ੍ਰਸਿੱਧ ਸਮਾਜ ਸੇਵਕ ਨੇ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਦੇ ਅਲੂਮਨੀ ਮੈਂਬਰ ਪ੍ਰਸਿੱਧ ਵਕੀਲ ਸ. ਬਰਜਿੰਦਰ ਸਿੰਘ ਸੋਢੀ, ਰੇਸ਼ਮਾ ਗੁਪਤਾ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਅਸ਼ੋਕ ਡਾਬੀ ਉੱਪ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਗੁਰਮੁੱਖ ਰੁਪਾਣਾ, ਬਲਵੰਤ, ਸੁਖਮੀਤ ਸਿੰਘ ਆਦਿ ਪਤਵੰਤੇ ਸੱਜਣ ਵੀ ਹਾਜ਼ਿਰ ਰਹੇ। ਇਸ ਮੌਕੇ ਸਕੂਲ ਦਾ ਸਾਲਾਨਾ ਮੈਗਜ਼ੀਨ 'ਹੱਸਦੇ ਫੁੱਲ' ਦੇ 40ਵੇਂ ਅੰਕ ਦਾ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਸਕੂਲ ਦੇ ਸਟੇਟ ਅਵਾਰਡੀ ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ 'ਤੇ ਮੁੱਖ ਮਹਿਮਾਨ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੂਰੇ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਆ ਗਈ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਸਕੂਲ ਆਫ਼ ਐਮੀਨੈਂਸ' ਸਿੱਖਿਆ ਦੇ ਖੇਤਰ' ਚ ਵੱਡੀ ਤਬਦੀਲੀ ਲੈ ਕੇ ਆਉਣਗੇ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਪਟਿਆਲਾ ਦਾ ਸਾਲਾਨਾ ਮੈਗਜ਼ੀਨ 'ਹੱਸਦੇ ਫੁੱਲ' ਵਿਦਿਆਰਥੀਆਂ ਅੰਦਰ ਕਲਾਤਮਕ ਅਤੇ ਸਾਹਿਤਕ ਦਿਲਚਸਪੀਆਂ ਨੂੰ ਸੇਧ ਦੇਣ ਲਈ ਸਹਾਈ ਹੋਵੇਗਾ। ਇਸ ਮੌਕੇ 'ਤੇ ਡਿਪਟੀ ਮੇਅਰ ਜਗਦੀਪ ਜੱਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਕੂਲਾਂ ਦੀ ਸਿੱਖਿਆ ਪ੍ਰਨਾਲੀ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਨੇ ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਨੂੰ ਵਧਾਈ ਦਿੱਤੀ ਕਿ ਦੋ ਲੱਖ ਦੇ ਲਗਭੱਗ ਨਕਦ ਰਾਸ਼ੀ ਖੇਡਾਂ, ਸਹਿ-ਅਕਾਦਮਿਕ ,ਪੜ੍ਹਾਈ ਅਤੇ ਸੰਗੀਤ ਦੇ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਸਮਾਰੋਹ ਵਿਖੇ ਦਿੱਤੀ ਗਈ ਹੈ। ਇਸ ਮੌਕੇ 'ਤੇ ਮੋਦੀ ਕਾਲਜ ਦੇ ਪ੍ਰਿੰਸੀਪਲ ਡਾ.ਨੀਰਜ ਗੋਇਲ ਅਤੇ ਅਲੂਮਨੀ ਮੈਂਬਰ ਬਰਜਿੰਦਰ ਸਿੰਘ ਸੋਢੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੈਤਿਕ ਕਦਰਾਂ ਕੀਮਤਾਂ ਵਿਦਿਆਰਥੀ ਜੀਵਨ ਨੂੰ ਆਦਰਸ਼ ਅਤੇ ਸਫਲਤਾ ਵੱਲ ਲਿਜਾਣ ਦਾ ਇੱਕ ਅਹਿਮ ਸਾਧਨ ਹਨ। ਇਨਾਮ ਵੰਡ ਸਮਾਰੋਹ ਸਮੇਂ ਵਿੱਦਿਅਕ, ਖੇਡ ਮੁਕਾਬਲਿਆਂ, ਸੰਗੀਤ, ਸਹਿ-ਅਕਾਦਮਿਕ ਗਤੀਵਿਧੀਆਂ ਅਤੇ ਐੱਨ.ਐੱਸ.ਐੱਸ ਦੇ ਖੇਤਰ ਵਿੱਚ ਅੱਵਲ ਰਹੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਕੂਲ ਦੇ ਸਮੂਹ ਸਟਾਫ਼ ਮੈਂਬਰਾਨ, ਵਿਦਿਆਰਥੀਆਂ ਦੇ ਮਾਪਿਆਂ ਅਤੇ ਵਿਦਿਆਰਥੀਆਂ ਨੇ ਭਰਪੂਰ ਆਨੰਦ ਮਾਣਿਆ। ਇਸ ਮੌਕੇ ਸਕੂਲ ਦੇ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਿਜ਼ਨਸ ਬਲਾਸਟਰ ਦੀਆਂ ਸਟਾਲਾਂ ਲਗਾਈਆਂ ਗਈਆਂ।

## ਦੋ ਵੱਖ-ਵੱਖ ਮਾਮਲਿਆਂ 'ਚ 190 ਨਸ਼ੀਲੀਆਂ ਗੋਲੀਆਂ ਸਣੇ ਦੋ ਮੁਲਜ਼ਮ ਕਾਬੂ, ਇੱਕ ਦਿਨਾਂ ਪੁਲਿਸ ਰਿਮਾਂਡ 'ਤੇ

ਸਮਾਣਾ, 30 ਮਾਰਚ (ਵਿਜੇ ਕੁਮਾਰ) : ਸਮਾਣਾ ਪੁਲਸ ਵੱਲੋਂ ਨਸ਼ਿਆਂ ਖਿਲਾਫ ਚਲਾਏ ਜਾ ਰਹੇ ਮੁਹਿੰਮ ਤਹਿਤ ਸਮਾਣਾ ਪੁਲਸ ਨੇ ਦੋ ਵੱਖ-ਵੱਖ ਮਾਮਲਿਆਂ 'ਚ ਦੋ ਵਿਅਕਤੀਆਂ ਨੂੰ 190 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਉਹਨਾਂ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਸੁਰਜੀਤ ਸਿੰਘ ਅਤੇ ਡਿੰਪਲ ਸਿੰਘ ਦੋਵੇਂ ਨਿਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਨਿਸ਼ਾਨ ਸਿੰਘ ਨੇ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਪਿੰਡ ਬਦਨਪੁਰ ਦੇ ਬਸ ਸਟੈਂਡ ਤੇ ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕ ਦੀ ਉਡੀਕ ਕਰ ਰਹੇ ਸੁਰਜੀਤ ਸਿੰਘ ਦੀ ਤਲਾਸ਼ੀ ਦੌਰਾਨ 140 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਜਦੋਂ ਕਿ ਸਿਟੀ ਪੁਲਸ ਵੱਲੋਂ ਦਿੱਤੀ ਗਈ ਇੱਕ ਹੋਰ ਮਾਮਲੇ ਦੀ ਜਾਣਕਾਰੀ 'ਚ ਏ.ਐਸ.ਆਈ. ਸਿੰਦਰ ਸਿੰਘ ਨੇ ਪਿੰਡ ਕੁਤਬਨਪੁਰ ਨੇੜੇ ਗਸਤ ਦੌਰਾਨ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਅਤੇ ਤਲਾਸ਼ੀ ਦੌਰਾਨ ਉਸ ਕੋਲੋਂ 50 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ ਤੇ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਹੋਰ ਪੁੱਛਗਿੱਛ ਲਈ ਮਾਨਯੋਗ ਅਦਾਲਤ 'ਚ ਪੇਸ਼ ਕਰ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ।



## 'ਆਪ' ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਨਵਰਾਤਰੇ ਦੇ ਪਹਿਲੇ ਦਿਨ ਕਾਲੀ ਮਾਤਾ ਮੰਦਰ ਵਿਖੇ ਮੱਥਾ ਟੇਕਿਆ



ਪਟਿਆਲਾ, 30 ਮਾਰਚ (ਰੁਪਾਣਾ) : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੰਚਾਰਜ ਅਤੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਨਵਰਾਤਰਿਆਂ ਦੇ ਪਹਿਲੇ ਦਿਨ ਪਟਿਆਲਾ ਦੇ ਕਾਲੀ ਮਾਤਾ ਮੰਦਰ ਵਿੱਚ ਮੱਥਾ ਟੇਕਿਆ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਨਾਲ ਸਿਸੋਦੀਆ ਨੇ ਦੇਵੀ ਮਾਤਾ ਤੋਂ ਆਸ਼ੀਰਵਾਦ ਮੰਗਿਆ ਅਤੇ ਪੰਜਾਬ ਦੀ ਖੁਸ਼ਹਾਲੀ ਅਤੇ ਨਸ਼ਿਆਂ ਵਿਰੁੱਧ ਲੜਾਈ ਵਿਚ ਬਲ ਦੀ ਅਰਦਾਸ ਕੀਤੀ।ਇਸ ਮੌਕੇ 'ਤੇ ਸਿਸੋਦੀਆ ਨੇ ਆਪਣੀ ਸ਼ਰਧਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਨਵਰਾਤਰੇ ਇੱਕ ਅਧਿਆਤਮਿਕ ਯਾਤਰਾ ਹੈ। ਇਹ ਨੌਂ ਦਿਨ ਉਹ ਹਨ ਜਦੋਂ ਅਸੀਂ ਆਪਣੇ ਅੰਦਰ ਮੌਜੂਦ ਬ੍ਰਹਮ ਊਰਜਾਵਾਂ ਨਾਲ ਡੂੰਘੇ ਤੌਰ 'ਤੇ ਜੁੜਦੇ ਹਾਂ ਅਤੇ ਚੁਣੌਤੀਆਂ ਨੂੰ ਪਾਰ ਕਰਨ ਦੀ ਤਾਕਤ ਪਾਉਂਦੇ ਹਾਂ। ਸਿਸੋਦੀਆ ਨੇ ਬੁਰਾਈਆਂ ਦੇ ਖਾਤਮੇ ਵਿੱਚ ਮਾਂ ਕਾਲੀ ਦੀ ਭੂਮਿਕਾ ਬਾਰੇ ਚਾਨਣਾ ਪਾਇਆ ਅਤੇ ਨਸ਼ਿਆਂ ਅਤੇ ਹੋਰ ਸਮਾਜਿਕ ਚੁਣੌਤੀਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਸਮਾਨੰਤਰ ਜ਼ਿਕਰ ਕੀਤਾ। ਸਿਸੋਦੀਆ ਨੇ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਹਾਲ ਹੀ ਵਿੱਚ ਹੋਈ ਪ੍ਰਗਤੀ ਵੱਲ ਇਸ਼ਾਰਾ ਕੀਤਾ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਗੈਂਗਸਟਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ। ਸਿੱਖਿਆ ਦੇ ਖੇਤਰ ਵਿੱਚ 'ਆਪ' ਦੇ ਕ੍ਰਾਂਤੀਕਾਰੀ ਕੰਮਾਂ 'ਤੇ ਚਾਨਣਾ ਪਾਉਂਦੇ ਹੋਏ ਸਿਸੋਦੀਆ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਆਪਣੇ ਦੌਰੇ ਤੋਂ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕੱਲ੍ਹ ਮੈਂ ਇੱਕ ਮਾਤਾ-ਪਿਤਾ-ਅਧਿਆਪਕ ਮੀਟਿੰਗ ਵਿੱਚ ਸ਼ਾਮਲ ਹੋਇਆ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਮੈਨੂੰ ਪਤਾ ਲੱਗਾ ਕਿ ਬਹੁਤ ਸਾਰੇ ਮਾਪੇ ਹੁਣ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ, ਕਿਉਂਕਿ ਇੱਥੇ ਸੁਧਾਰ ਹੋਏ ਹਨ। ਇਹ ਕਿਸੇ ਵਿਦਿਅਕ ਕ੍ਰਾਂਤੀ ਤੋਂ ਘੱਟ ਨਹੀਂ ਹੈ। ਉਨ੍ਹਾਂ ਨੇ ਇੱਕ ਪਿੰਡ ਦੇ ਬੱਚੇ ਦੀ ਕਹਾਣੀ ਸੁਣਾਈ ਜਿਸਨੇ ਆਪਣੇ ਸਾਦੇ ਪਿਛੋਕੜ ਦੇ ਬਾਵਜੂਦ, ਜੇਈਈ ਪ੍ਰੀਖਿਆ ਪਾਸ ਕੀਤੀ ਅਤੇ ਵੱਡੀਆਂ ਉਚਾਈਆਂ ਪ੍ਰਾਪਤ ਕਰਨ ਲਈ ਤਿਆਰ ਹੈ। ਸਿਸੋਦੀਆ ਨੇ ਕਿਹਾ ਕਿ ਅੱਜ ਪੰਜਾਬ ਦੇ ਇੱਕ ਵੀ ਸਕੂਲ ਵਿੱਚ ਬੱਚੇ ਫਰਸ਼ 'ਤੇ ਨਹੀਂ ਬੈਠੇ ਹਨ। ਸਕੂਲਾਂ ਦੀ ਬਾਊਂਡਰੀ/ਦੀਵਾਰ ਵਰਗੇ ਮੁੱਦਿਆਂ ਨੂੰ ਹੱਲ ਕੀਤਾ ਗਿਆ ਹੈ, ਅਤੇ ਅਧਿਆਪਕ ਵਿਸ਼ਵ ਪੱਧਰੀ ਸਿਖਲਾਈ ਪ੍ਰਾਪਤ ਕਰ ਰਹੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਬੱਚਿਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਮਿਲੇ।ਉਨ੍ਹਾਂ ਅੱਗੇ ਕਿਹਾ ਕਿ ਮੈਂ ਮਾਂ ਕਾਲੀ ਨੂੰ ਸਾਰਿਆਂ ਲਈ ਖੁਸ਼ੀ, ਸਿਹਤ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਸਿਸੋਦੀਆ ਨੇ ਮਾਤਾ ਤੋਂ ਤਾਕਤ ਮੰਗਦੇ ਹੋਏ ਕਿਹਾ ਕਿ ਮੈਂ ਲੋਕਾਂ ਦੀ ਅਣਥੱਕ ਸੇਵਾ ਕਰਨ ਅਤੇ ਧੀਰਜ, ਪਿਆਰ ਅਤੇ ਸੱਚਾਈ ਨਾਲ ਹਰ ਚੁਣੌਤੀ ਨੂੰ ਪਾਰ ਕਰਨ ਦੀ ਤਾਕਤ ਲਈ ਪ੍ਰਾਰਥਨਾ ਕੀਤੀ।

## ਵੱਖ-ਵੱਖ ਸੜਕ ਹਾਦਸਿਆਂ 'ਚ ਇੱਕ ਦੀ ਮੌਤ, ਇੱਕ ਜ਼ਖ਼ਮੀ




ਪਟਿਆਲਾ, 30 ਮਾਰਚ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਰਜਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਰੋਸ਼ਨਪੁਰ ਪੱਤੀ ਨੇ ਅਣਪਛਾਤੇ ਗੱਡੀ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਤੀ ਕੁਲਵਿੰਦਰ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਜੋੜੀਆਂ ਸੜ੍ਹਕਾਂ ਪਾਸ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣੀ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਤੀ ਵਿੱਚ ਮਾਰੀ, ਜੋ ਦੌਰਾਨੇ ਇਲਾਜ ਉਸ ਦੇ ਪਤੀ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106 (1), 324(4) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਥਾਣਾ ਬਖਸ਼ੀਵਾਲਾ ਕਰਨੈਲ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਖੇੜੀ ਮਾਨੀਆ ਨੇ ਮੋਟਰਸਾਈਕਲ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਸਾਇਕਲ 'ਤੇ ਸਵਾਰ ਹੋ ਕੇ ਪਿੰਡ ਬਖਸ਼ੀਵਾਲਾ ਪਾਸ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣਾ ਮੋਟਰਸਾਈਕਲ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰਿਆ, ਜੋ ਐਕਸੀਡੈਂਟ ਵਿੱਚ ਉਸ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਨੰਬਰਦਾਰ ਆਲਮਪੁਰ ਵੱਲੋਂ ਨਵੇਂ ਆਏ ਨਾਇਬ ਤਹਿਸੀਲਦਾਰ ਕਰਮਬੀਰ ਸਿੰਘ ਦਾ ਨਿੱਘਾ ਸਵਾਗਤ



ਸਮਾਣਾ, 30 ਮਾਰਚ (ਜਵੰਦਾ) : ਤਹਿਸੀਲ ਸਮਾਣਾ ਵਿਖੇ ਨਵੇਂ ਆਏ ਨਾਇਬ ਤਹਿਸੀਲਦਾਰ ਕਰਮਬੀਰ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ। ਇੱਥੇ ਅਹੁਦਾ ਸੰਭਾਲਣ ਸਮੇਂ ਪੰਜਾਬ ਨੰਬਰਦਾਰ ਯੂਨੀਅਨ ਸਮਰਾ ਗਰੁੱਪ ਵੱਲੋਂ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਅਤੇ ਪੰਜਾਬ ਕਮੇਟੀ ਮੈਂਬਰ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ (ਗੁੱਜਰ) ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਨਾਇਬ ਤਹਿਸੀਲਦਾਰ ਕਰਮਬੀਰ ਸਿੰਘ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

## ਸੇਂਟ ਥਰੇਸਾ ਕਾਨਵੈਂਟ ਸਕੂਲ ਆਈ.ਸੀ.ਐੱਸ.ਸੀ. ਤੋਂ ਮਾਨਤਾ ਪ੍ਰਾਪਤ ਕਰਕੇ ਬਣਿਆ ਸਮਾਣਾ ਦਾ ਪਹਿਲਾ ਸਕੂਲ



ਸਮਾਣਾ, 30 ਮਾਰਚ (ਹਰਜਿੰਦਰ ਸਿੰਘ ਜਵੰਦਾ) : ਸੇਂਟ ਥਰੇਸਾ ਕਾਨਵੈਂਟ ਸਕੂਲ, ਸਮਾਣਾ ਲਈ ਇਹ ਬਹੁਤ ਗੌਰਵ ਅਤੇ ਖੁਸ਼ੀ ਦਾ ਮੌਕਾ ਹੈ, ਕਿਉਂਕਿ ਸਕੂਲ ਨੂੰ ਕੌਂਸਲ ਆਫ ਇੰਡੀਅਨ ਸਰਟੀਫਿਕੇਟ ਆਫ ਸੈਕੰਡਰੀ ਐਜੂਕੇਸ਼ਨ (ਆਈ.ਸੀ.ਐਸ.ਈ.) ਨਾਲ ਮਾਨਤਾ ਮਿਲ ਗਈ ਹੈ। ਇਸ ਸਕੂਲ ਦੀ ਸਫਲਤਾ ਦਾ ਸਿਹਰਾ ਸਕੂਲ ਦੀਆ ਸਿਸਟਰਸ ਨੂੰ ਜਾਂਦਾ ਹੈ ਜੋ ਕਿ ਕੇਰਲਾ (ਸਾਊਥ) ਤੋਂ ਹਨ। ਇਹ ਤਰੱਕੀ ਉਹਨਾਂ ਦੀ ਕੜੀ ਮਿਹਨਤ, ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜੋ ਕਿ ਰਾਸ਼ਟਰੀ ਸਿੱਖਿਆ ਮਾਪਦੰਡਾਂ ਦੇ ਅਨੁਸਾਰ ਹੈ। ਇਸ ਮੌਕੇ 'ਤੇ ਪ੍ਰਿੰਸੀਪਲ ਸਿਸਟਰ ਸੁਨਿਤਾ ਨੇ ਸਕੂਲ ਦੇ ਸਭ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਹ ਸਾਡੇ ਸੰਸਥਾ ਲਈ ਇੱਕ ਇਤਿਹਾਸਕ ਪਲ ਹੈ ਕਿ ਅਸੀਂ ਆਈ.ਸੀ.ਐਸ.ਈ. ਪਰਿਵਾਰ ਦਾ ਹਿੱਸਾ ਬਣੇ ਹਾਂ। ਇਹ ਮਾਨਤਾ ਸਾਡੀ ਸਿੱਖਿਆ ਦੀ ਗੁਣਵੱਤਾ ਅਤੇ ਮੂਲ ਭਾਵਨਾਵਾਂ ਨੂੰ ਹੋਰ ਮਜ਼ਬੂਤ ਬਣਾਏਗੀ। ਵਿਦਿਆਰਥੀਆਂ ਨੇ ਆਪਣੀ ਖੁਸ਼ੀ ਨੂੰ ਤਾਲੀਆਂ ਅਤੇ ਉਤਸ਼ਾਹਪੂਰਨ ਡਾਂਸ ਰਾਹੀਂ ਪ੍ਰਗਟ ਕੀਤਾ। ਪ੍ਰਿੰਸੀਪਲ ਸਿਸਟਰ ਸੁਨਿਤਾ ਨੇ ਇਸ ਖਾਸ ਮੌਕੇ ਲਈ ਸਭ ਨੂੰ ਵਧਾਈ ਦਿੱਤੀ।

## ਚੋਰੀ ਦੇ ਮੋਟਰਸਾਈਕਲ ਤੇ ਨਸ਼ੀਲੀਆਂ ਗੋਲ਼ੀਆਂ ਸਮੇਤ ਦੋ ਕਾਬੂ

ਪਟਿਆਲਾ, 30 ਮਾਰਚ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਸ਼ੇਰਮਾਜਰਾ, ਰਾਜੂ ਵਾਸੀ ਪਿੰਡ ਦੁੱਧੜ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਕੋਰਜੀਵਾਲਾ ਮੋੜ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਸ਼ੇ ਅਤੇ ਚੋਰੀ ਕਰਨ ਦੇ ਆਦੀ ਹੈ, ਜੋ ਅੱਜ ਵੀ ਚੋਰੀ ਕੀਤਾ ਮੋਟਰਸਾਈਕਲ ਵੇਚਣ ਲਈ ਆ ਰਹੇ ਹਨ, ਜੋ ਦੌਰਾਨੇ ਨਾਕਾਬੰਦੀ ਦੋਸ਼ੀਆਂ ਨੂੰ ਉਕਤ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ ਅਤੇ ਪੁਛਗਿੱਛ ਦੌਰਾਨ ਕਥਿਤ ਦੋਸ਼ੀਆਂ ਵੱਲੋ ਦੱਸੀ ਹੋਈ ਜਗ੍ਹਾ 'ਤੇ 150 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਸਰਕਾਰੀ ਸਮਾਰਟ ਸਕੂਲ ਪਿੰਡ ਸੰਗਤਪੁਰਾ ਭੌਂਕੀ ਦਾ ਸਾਲਾਨਾ ਨਤੀਜਾ ਰਿਹਾ ਸ਼ਾਨਦਾਰ




ਨਾਭਾ, 30 ਮਾਰਚ (ਗੁਰਚਰਨ ਸਿੰਘ ਚੌਧਰੀਮਾਜਰਾ): ਰਿਆਸਤੀ ਸ਼ਹਿਰ ਨਾਭਾ ਦੇ ਪਿੰਡ ਸੰਗਤਪੁਰਾ ਭੌਂਕੀ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਦਾ ਸਾਲਾਨਾ ਨਤੀਜਾ ਪਿਛਲੇ ਸਾਲ ਨਾਲੋਂ ਵੀ ਜ਼ਿਆਦਾ ਸ਼ਾਨਦਾਰ ਰਿਹਾ। ਇਸ ਮੌਕੇ ਬੱਚਿਆਂ ਨੂੰ ਇਨਾਮ ਵੰਡ ਸਮਾਰੋਹ 'ਚ ਬਤੌਰ ਮੁੱਖ ਮਹਿਮਾਨ ਬੀ.ਪੀ.ਈ.ਓ. ਅਖ਼ਤਰ ਸਲੀਮ ਨੇ ਸ਼ਿਰਕਤ ਕੀਤੀ। ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪਿੰਡ ਸੰਗਤਪੁਰਾ ਦੇ ਮੁੱਖ ਅਧਿਆਪਕਾ ਸੰਦੀਪ ਕੌਰ, ਪ੍ਰੀਤੀਮਾ ਰਾਣੀ, ਅਮੀਤ ਕਮੀ ਅਤੇ ਸਰਪੰਚ ਜੀਤ ਸਿੰਘ ਸੰਗਤਪੁਰਾ ਦੇ ਸਹਿਯੋਗ ਨਾਲ ਹੋਣਹਾਰ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਮੁੱਖ ਅਧਿਆਪਕਾ ਸੰਦੀਪ ਕੌਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਵਰਨ ਸਿੰਘ ਪੰਚ, ਚਰਨ ਸਿੰਘ ਪੰਚ, ਜਸਪਾਲ ਕੌਰ ਪੰਚ, ਬਲਵਿੰਦਰ ਕੌਰ ਪੰਚ, ਰਾਜ ਕੁਮਾਰ ਪੰਚ, ਸਤਪਾਲ ਸਿੰਘ ਜੱਗੀ ਸਵੀਟਸ, ਸੰਦੀਪ ਕੌਰ ਸਾਬਕਾ ਸਰਪੰਚ ਸੰਗਤਪਰਾ (ਭੌਂਕੀ), ਜਗਤਾਰ ਸਿੰਘ ਬਸਾਤੀ, ਲਖਵਿੰਦਰ ਸਿੰਘ, ਪਾਠੀ ਗੁਰਦਿਆਲ ਸਿੰਘ ਇੱਛੇਵਾਲ, ਬਲਵਿੰਦਰ ਕੌਰ ਆਂਗਨਵਾੜੀਵਰਕਰ, ਸਿਮਰਨਰਾਣੀ ਹੈਲਪਰ, ਜਸਵਿੰਦਰ ਕੌਰ, ਸ਼ਬਨਮ, ਲਵਪ੍ਰੀਤ ਕੌਰ, ਜਸਵੀਰ ਕੌਰ, ਹਰਪ੍ਰੀਤ ਕੌਰ, ਹਰਬੰਸ ਕੌਰ, ਹਰਵਿੰਦਰ ਕੌਰ, ਮਨਕੀਰਤ ਸਿੰਘ ਆਦਿ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਐੱਸ.ਆਰ.ਐੱਸ. ਵਿੱਦਿਆਪੀਠ ਦਾ ਨਤੀਜਾ ਰਿਹਾ ਸ਼ਾਨਦਾਰ



ਸਮਾਣਾ, 30 ਮਾਰਚ (ਵਿਜੇ ਕੁਮਾਰ/ਜਵੰਦਾ) : ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਸਾਲਾਨਾ 2024-25 ਇਮਤਿਹਾਨਾਂ ਦਾ ਨਤੀਜਾ ਸਾਨਦਾਰ ਰਿਹਾ। ਸਾਰੇ ਵਿਦਿਆਰਥੀਆਂ ਨੇ ਬਹੁਤ ਹੀ ਚੰਗੇ ਅੰਕ ਲੈ ਕੇ ਸਫ਼ਲਤਾ ਹਾਸਿਲ ਕੀਤੀ। ਸ਼ਾਨਦਾਰ ਸਫ਼ਲਤਾ 'ਤੇ ਸਕੂਲ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ, ਸਰਟੀਫਿਕੇਟ ਅਤੇ ਪ੍ਰਮੋਸਨ ਕਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸ਼ਲਾਘਾਯੋਗ ਨਤੀਜੇ 'ਤੇ ਸਕੂਲ ਦੇ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ ਅਤੇ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਲੀ ਬੋਸ ਨੇ ਵਿਦਿਆਰਥੀਆਂ ਦੇ ਚੰਗੇ ਨਤੀਜੇ ਲਈ ਮਾਪਿਆਂ ਨੂੰ ਵਧਾਈ ਦਿੰਦਿਆਂ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਹਿੰਦੂ ਨਵ-ਵਰਸ਼ ਬਿਕਰਮੀ ਸੰਮਤ 2082 ਦੇ ਸ਼ੁਭ ਆਗਮਨ 'ਤੇ ਕਰਵਾਇਆ ਹਵਨ ਯੱਗ

ਸਮਾਣਾ, 30 ਮਾਰਚ (ਜਵੰਦਾ) : ਬ੍ਰਾਹਮਣ ਸਭਾ ਸਮਾਣਾ ਵਿਖੇ ਪ੍ਰਧਾਨ ਧਰਮਪਾਲ ਜੋਸ਼ੀ ਦੀ ਅਗਵਾਈ ਹੇਠ ਬ੍ਰਾਹਮਣ ਸਭਾ ਸਮਾਣਾ ਵੱਲੋਂ ਹਿੰਦੂ ਨਵ ਵਰਸ਼ ਬਿਕਰਮੀ ਸੰਮਤ 2082 ਦੇ ਸ਼ੁਭ ਆਗਮਨ ਤੇ ਵਿਸ਼ਵ ਦੇ ਕਲਿਆਣ ਹੇਤੂ ਹਵਨ ਯੱਗ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਬ੍ਰਾਹਮਣ ਭਾਈਚਾਰੇ ਵੱਲੋਂ ਸ਼ਮੂਲੀਅਤ ਕੀਤੀ ਗਈ। ਅੱਜ ਦੇ ਇਸ ਮੌਕੇ ਤੇ ਮੁੱਖ ਮਹਿਮਾਨ ਗੁਰਦੇਵ ਸਿੰਘ ਟਿਵਾਣਾ ਪੀਏ ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ ਅਤੇ ਪਰਸੂਰਾਮ ਧਰਮਸ਼ਾਲਾ ਦੇ ਪ੍ਰਧਾਨ ਧਰਮਪਾਲ ਜੋਸ਼ੀ ਅਤੇ ਸਮੂਹ ਬ੍ਰਾਹਮਣ ਸਮਾਜ ਵੱਲੋਂ ਨਵੇਂ ਸਾਲ ਦਾ ਕੈਲੰਡਰ ਵੀ ਜਾਰੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪੀਏ ਗੁਰਦੇਵ ਸਿੰਘ ਟਿਵਾਣਾ ਅਤੇ ਪ੍ਰਧਾਨ ਧਰਮਪਾਲ ਜੋਸ਼ੀ ਨੇ ਦੇਸ਼ ਅਤੇ ਸਮਾਣਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੀ ਅਮੀਰ ਵਿਰਾਸਤ ਨੂੰ ਸਮਰਪਿਤ ਇਹ ਨਵਾਂ ਸਾਲ ਸਭ ਲਈ ਖੁਸ਼ੀਆਂ ਖੇੜੇ ਲੈਕੇ ਆਵੇ ਅਤੇ ਭਗਵਾਨ ਪਰਸ਼ੂਰਾਮ ਰਾਮ ਦਾ ਆਸ਼ੀਰਵਾਦ ਸਭ 'ਤੇ ਬਣਿਆ ਰਹੇ। ਇਸ ਮੌਕੇ ਬ੍ਰਾਹਮਣ ਸਭਾ ਵੱਲੋਂ ਮੁੱਖ ਮਹਿਮਾਨ ਗੁਰਦੇਵ ਸਿੰਘ ਟਿਵਾਣਾ ਅਤੇ ਪੱਤਰਕਾਰ ਭਾਈਚਾਰੇ ਦਾ ਸਨਮਾਨ ਵੀ ਕੀਤਾ ਗਿਆ ਅੱਜ ਦੇ ਇਸ ਸ਼ੁਭ ਅਵਸਰ 'ਤੇ ਅਤੁੱਟ ਭੰਡਾਰਾ ਵੀ ਚਲਾਇਆ ਗਿਆ। ਅੱਜ ਦੇ ਇਸ ਮੌਕੇ ਬਲਦੇਵ ਰਾਮ ਚੇਅਰਮੈਨ, ਅਸ਼ੋਕ ਮੋਦਗਿੱਲ, ਜਤਿੰਦਰ ਸ਼ਰਮਾ,ਅਜੇ ਕੁਮਾਰ ਆਰੀਆ ਸਰਪ੍ਰਸਤ, ਗੁਰਪ੍ਰਸਾਦ ਸ਼ਰਮਾ, ਯੂਥ ਪ੍ਰਧਾਨ ਪ੍ਰੀਕਸ਼ਤ ਪਾਠਕ,ਭੂਪਿੰਦਰ ਸ਼ਰਮਾ, ਚੰਦਰ ਸ਼ਰਮਾ ਮੀਤ ਪ੍ਰਧਾਨ, ਜਨਰਲ ਸਕੱਤਰ ਸੁਸ਼ੀਲ ਸ਼ਰਮਾ,ਡਾ ਮੱਖਣ,ਨਵਲ ਕਿਸ਼ੋਰ ਸਕੱਤਰ, ਨਰੇਸ਼ ਸ਼ਰਮਾ ਵਿੱਤ ਸਕੱਤਰ, ਸੁਭਾਸ਼ ਪਾਠਕ ਪ੍ਰੈੱਸ ਸਕੱਤਰ, ਹਰਮੇਸ਼ ਸ਼ਰਮਾ, ਰਜੇਸ਼ ਸ਼ਰਮਾ, ਰਜਨੀਸ਼ ਭਾਸਕਰ, ਪ੍ਰਦੀਪ ਸ਼ਰਮਾ, ਦਰਸ਼ਨ ਸ਼ਰਮਾ , ਜਗਦੀਸ਼ ਸ਼ਰਮਾ ਸ਼ਾਸਤਰੀ, ਤੇਜਿੰਦਰ ਸ਼ਰਮਾ, ਜਗਦੀਸ਼ ਚੰਦ, ਪ੍ਰੇਮ ਚੰਦ, ਰਜੇਸ਼ ਮੋਦਗਿੱਲ , ਜਗਦੀਸ਼ ਦੀਪਕ, ਰਾਜ ਕੁਮਾਰ ਸ਼ਰਮਾ,ਗੁਰਵਿੰਦਰ ਸ਼ਰਮਾ, ਦਰਸ਼ਨ ਸ਼ਰਮਾ ਅਤੇ ਰਜਿੰਦਰ ਸ਼ਰਮਾ ,ਚੈਨ ਰਾਮ, ਭੁਪਿੰਦਰ ਸ਼ਰਮਾ, ਗੁਰਵਿੰਦਰ ਸ਼ਰਮਾ , ਸੰਜੀਵ ਸ਼ਰਮਾ, ਰਾਹੁਲ ਸ਼ਰਮਾ , ਸਚਿਨ ਸ਼ਰਮਾ, ਨਮਨ ਸ਼ਰਮਾ ਸੰਜੇ ਸ਼ਰਮਾ , ਜਸ਼ਨ ਵਸ਼ਿਸ਼ਟ, ਦ੍ਰਵਿਤ ਪਾਠਕ, ਖੁਸ਼ਹਾਲ, ਅਮਿਤ ਸ਼ਰਮਾ, ਭੁਪੇਸ਼ ਸ਼ਰਮਾ ਗੁਰਲਾਲ ਸ਼ਰਮਾ ਤੋਂ ਇਲਾਵਾ ਬ੍ਰਾਹਮਣ ਭਾਈਚਾਰੇ ਦੇ ਹੋਰ ਵਿਅਕਤੀ ਵੀ ਹਾਜ਼ਰ ਸਨ।

## ਪੀ.ਯੂ. ਦੀ ਇੱਕ ਖੋਜ ਰਾਹੀਂ ਇੰਟਰਨੈੱਟ ਤੋਂ ਜਾਣਕਾਰੀ ਲੱਭਣ ਨੂੰ ਬਣਾਇਆ ਬਿਹਤਰ

### ਜਾਣਕਾਰੀ ਲੱਭਣ ਲਈ ਲੋੜੀਂਦੇ ਕਿਊ.ਏ.ਐੱਸ. ਨੂੰ ਬਿਹਤਰ ਅਤੇ ਆਟੋਮੈਟਿਕ ਢੰਗ ਨਾਲ਼ ਸਿਰਜਣ ਦੇ ਢੰਗ ਲੱਭੇ

ਪਟਿਆਲਾ, 30 ਮਾਰਚ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨ ਵਿਭਾਗ ਦੀ ਇੱਕ ਖੋਜ ਰਾਹੀਂ ਇੰਟਰਨੈੱਟ ਉੱਤੇ ਜਾਣਕਾਰੀਆਂ ਲੱਭਣ ਨਾਲ਼ ਸਬੰਧਤ ਪ੍ਰਸ਼ਨਾਵਾਲ਼ੀ (ਕਿਊ. ਏ. ਐੱਸ.) ਨੂੰ ਬਿਹਤਰ ਬਣਾਉਣ ਅਤੇ ਆਟੋਮੈਟਿਕ ਢੰਗ ਨਾਲ਼ ਤਿਆਰ ਕਰਨ ਦੇ ਢੰਗ ਲੱਭੇ ਹਨ। ਇਹ ਖੋਜ ਡਾ. ਅਮਨਦੀਪ ਵਰਮਾ ਦੀ ਨਿਗਰਾਨੀ ਹੇਠ ਖੋਜਾਰਥੀ ਵਿਕਾਸ ਬਾਲੀ ਵੱਲੋਂ ਕੀਤੀ ਗਈ। ਡਾ. ਅਮਨਦੀਪ ਵਰਮਾ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੂਗਲ ਸਮੇਤ ਵੱਖ-ਵੱਖ ਸਰਚ ਇੰਜਣਾਂ ਰਾਹੀਂ ਇੰਟਰਨੈੱਟ ਤੋਂ ਲੱਭਣ ਸਮੇਂ ਲੋੜੀਂਦੀ ਜਾਣਕਾਰੀ ਸਪੱਸ਼ਟ ਰੂਪ ਵਿੱਚ ਪ੍ਰਾਪਤ ਨਹੀਂ ਹੁੰਦੀ। ਸਰਚ ਇੰਜਣਾਂ ਵੱਲੋਂ ਜਾਣਕਾਰੀ ਦੇ ਸਰੋਤਾਂ ਨਾਲ਼ ਸਬੰਧਤ ਲਿੰਕ ਹੀ ਸੁਝਾਏ ਜਾਂਦੇ ਹਨ। ਲੋੜੀਂਦੀ ਜਾਣਕਾਰੀ ਨੂੰ ਹੋਰ ਵਧੇਰੇ ਸਪਸ਼ਟਤਾ ਨਾਲ਼ ਲੱਭੇ ਜਾਣ ਹਿਤ ਅੱਜਕਲ੍ਹ ਇੰਟਰਨੈੱਟ ਵੱਲੋਂ ਸਵਾਲ ਜਵਾਬ ਵਿਧੀ ਦਾ ਸਹਾਰਾ ਲਿਆ ਜਾਂਦਾ ਹੈ ਜਿਸ ਨੂੰ ਕੰਪਿਊਟਰ ਦੀ ਭਾਸ਼ਾ ਵਿੱਚ ਕੁਐਸ਼ਚਨ ਅੰਸਰਿੰਗ ਸਿਸਟਮ (ਕਿਊ.ਏ.ਐੱਸ.) ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਸ਼ੇ ਉੱਤੇ ਜਦੋਂ ਕੋਈ ਇੰਟਰਨੈੱਟ ਉੱਤੇ ਕੁੱਝ ਜਾਣਕਾਰੀ ਲੱਭਦਾ ਹੈ ਤਾਂ ਉਸ ਨੂੰ ਲੋੜੀਂਦੀ ਜਾਣਕਾਰੀ ਬਾਰੇ ਹੋਰ ਸਪੱਸ਼ਟ ਜਾਣਨ ਲਈ ਉਸ ਦੇ ਸਾਹਮਣੇ ਕੁੱਝ ਸਵਾਲ-ਜਵਾਬ ਦੇ ਰੂਪ ਵਿੱਚ ਵੀ ਸਮੱਗਰੀ ਪੇਸ਼ ਹੁੰਦੀ ਹੈ। ਸਬੰਧਤ ਵਰਤੋਂਕਾਰ ਇਸ ਸਵਾਲ ਜਵਾਬ ਵਿੱਚੋਂ ਆਪਣੇ ਆਪ ਨੂੰ ਲੋੜੀਂਦੀ ਸਮੱਗਰੀ ਦੀ ਸੌਖਿਆਂ ਚੋਣ ਕਰ ਸਕਣ ਦੇ ਸਮਰੱਥ ਹੁੰਦਾ ਹੈ। ਇਹ ਸਵਾਲ ਆਮ ਬੋਲਚਾਲ ਦੀ ਭਾਸ਼ਾ ਦੇ ਨੇੜੇ ਹੁੰਦੇ ਹਨ, ਤਾਂ ਕਿ ਸਬੰਧਤ ਵਿਅਕਤੀ ਨੂੰ ਲੋੜੀਂਦੀ ਜਾਣਕਾਰੀ ਬਾਰੇ ਸਹੀ ਅੰਦਾਜ਼ਾ ਲਗਾ ਕੇ ਉਸ ਨੂੰ ਸਹੀ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਤਾਜ਼ਾ ਖੋਜ ਰਾਹੀਂ ਵੱਖ-ਵੱਖ ਵਿਸ਼ਿਆਂ ਨਾਲ਼ ਸਬੰਧਤ ਅਜਿਹੇ ਸਵਾਲਾਂ ਅਤੇ ਉੱਤਰ ਦੇ ਰੂਪ ਵਿੱਚ ਲੋੜੀਂਦੀ ਸਾਰੀ ਸਮੱਗਰੀ ਦੇ ਨਿਰਮਾਣ ਸਮੇਂ ਆਉਂਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਖੋਜ ਰਾਹੀਂ ਲੱਭੀਆਂ ਵਿਧੀਆਂ ਰਾਹੀਂ ਕਿਊ.ਏ.ਐੱਸ. ਦੀ ਸਿਰਜਣਾ ਨੂੰ ਆਟੋਮੇਸ਼ਨ ਢੰਗ ਨਾਲ਼ ਸੌਖਿਆਂ ਅਤੇ ਬਿਹਤਰ ਬਣਾਇਆ ਗਿਆ ਹੈ। ਖੋਜਾਰਥੀ ਡਾ. ਵਿਕਾਸ ਬਾਲੀ ਨੇ ਦੱਸਿਆ ਕਿ ਖੋਜ ਰਾਹੀਂ ਲੱਭੀਆਂ ਗਈਆਂ ਵਿਧੀਆਂ ਰਾਹੀਂ ਬਿਹਤਰ ਢੰਗ ਨਾਲ਼ ਕਿਊ.ਏ.ਐੱਸ. ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਧੀਆਂ ਦੀ ਪ੍ਰਮਾਣਿਕਤਾ ਅਤੇ ਸਮਰਥਾ ਬਾਰੇ ਚੰਗੇ ਨਤੀਜੇ ਸਾਹਮਣੇ ਆਏ ਹਨ, ਜਿਸ ਨਾਲ਼ ਇੰਟਰਨੈੱਟ ਉੱਤੇ ਸਰਚ ਕਰਨ ਦੇ ਖੇਤਰ ਦੀ ਸਮਰਥਾ ਵਿੱਚ ਵਾਧਾ ਹੋ ਸਕਦਾ ਹੈ ਜਿਸ ਨਾਲ਼ ਇੰਟਰਨੈੱਟ ਵਰਤੋਂਕਾਰਾਂ ਲਈ ਹੋਰ ਅਸਾਨੀ ਪੈਦਾ ਹੋਵੇਗੀ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਚੰਗੀਆਂ ਖੋਜਾਂ ਨਾਲ਼ ਅਦਾਰੇ ਦੇ ਵੱਕਾਰ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੰਪਿਊਟਰ ਦੇ ਖੇਤਰ ਵਿੱਚ ਅਗਲੇਰੇ ਪੱਧਰ ਦੀਆਂ ਖੋਜਾਂ ਕਰਨਾ ਸਮੇਂ ਦੀ ਲੋੜ ਵੀ ਹੈ।

## ਜਨਹਿੱਤ ਸੰਮਤੀ ਨੇ ਮੁ.ਫਤ ਮੈਡੀਕਲ ਕੈਂਪ ਲਗਾਇਆ



ਪਟਿਆਲਾ, 30 ਮਾਰਚ (ਚ.ਨ.ਸ.) : ਨਾਮਵਰ ਸਮਾਜ ਸੇਵੀ ਸੰਸਥਾ ਜਨਹਿਤ ਸਮਿਤੀ ਵੱਲੋਂ ਮੁਫ਼ਤ ਮੈਡੀਕਲ ਜਾਂਚ ਕੈਂਪ ਬਾਰਾਦਰੀ ਗਾਰਡਨ ਪਟਿਆਲਾ ਵਿਖੇ ਜਨਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਸਰਪ੍ਰਸਤੀ ਹੇਠ ਡਾ. ਹਰੀ ਓਮ ਅੱਗਰਵਾਲ ਤੇ ਡਾ. ਜਸਲੀਨ ਕੌਰ, ਪਾਰਕ ਹਸਪਤਾਲ ਦੀ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ 150 ਤੋਂ ਉਪਰ ਵਿਅਕਤੀਆਂ ਦਾ ਬੀ.ਪੀ, ਸ਼ੂਗਰ, ਅਤੇ ਈ.ਸੀ.ਜੀ., ਬੀ.ਐਮ.ਡੀ. ਦਾ ਚੈੱਕਅਪ ਕਰਕੇ ਦਵਾਈਆਂ ਵੰਡੀਆਂ ਗਈਆਂ। ਨਿਤਿਨ ਫਾਰਮਾਂ ਵੱਲੋਂ ਬੀ ਐਮ ਡੀ ਟੈਸਟ ਕਰਨ ਦੀ ਮਸ਼ੀਨ ਦਿੱਤੀ ਗਈ। ਇਸ ਮੌਕੇ ਡਾ. ਹਰੀ ਓਮ ਅੱਗਰਵਾਲ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਕਸਰਤ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬਿਕਰਮ ਸਿੰਘ ਆਈ.ਆਰ.ਐਸ. ਇਨਕਮ ਟੈਕਸ, ਤਰਸੇਮ ਕੁਮਾਰ ਗੁਪਤਾ, ਡਾ. ਜੀ.ਐਸ ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਏ.ਐਸ, ਸੁਰੇਸ਼ ਅਰੋੜਾ, ਮੁਕੇਸ਼ ਸਿੰਗਲਾ, ਇੰਦਰਪਾਲ ਸਿੰਘ (ਸੇਵਨ ਪਾਲਮ), ਐਚ.ਐਨ ਮੇਸ਼ਨਪੁਰੀ, ਵਰਿੰਦਰ ਅਹੁਲੂਵਾਲੀਆ, ਵਿਜੈ ਪਾਲ ਬਾਂਸਲ, ਸਤੀਸ਼ ਜੋਸ਼ੀ, ਵਿਨੈ ਸ਼ਰਮਾ, ਪ੍ਰਮੋਦ ਸ਼ਰਮਾ, ਹਰਪਾਲ ਮਾਨ, ਇੰਦਰਜੀਤ ਦੁਆ, ਐਡਵੋਕੇਟ ਜਸਵਿੰਦਰ ਸਿੰਘ, ਐੱਸ.ਪੀ ਗੁਪਤਾ, ਜੀ.ਐੱਸ ਬੇਦੀ, ਗੌਤਮ ਪੰਜਰਤਨ, ਨੇ ਸ਼ਿਰਕਤ ਕੀਤੀ। ਇਸ ਮੌਕੇ ਤਰਸੇਮ ਕੁਮਾਰ ਗੁਪਤਾ ਨੇ ਜਨਹਿੱਤ ਸੰਮਤੀ ਦੀ ਤਾਰੀਫ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਲੋੜਵੰਦ ਲੋਕਾਂ ਲਈ ਸਮੇਂ ਸਮੇਂ ਸਿਰ ਮੈਡੀਕਲ ਕੈਂਪ, ਖੂਨਦਾਨ ਕੈਂਪਾਂ ਦਾ ਆਯੋਜਨ ਕਰਕੇ ਲੋੜਵੰਦਾਂ ਦੀ ਮਦਦ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਨਹਿੱਤ ਸੰਮਤੀ ਵੱਲੋਂ ਪਟਿਆਲਾ ਜ਼ਿਲ੍ਹੇ ਵਿੱਚ ਲੋੜੀਂਦਾ ਦੀ ਮਦਦ ਲਈ ਵੀਲਚੇਅਰ, ਟਰਾਈਸਾਈਕਲ, ਲੋੜਵੰਦ ਵਿਦਿਆਰਥੀਆਂ ਦੀ ਮਦਦ, ਲੋੜਵੰਦ ਲੜਕੀਆਂ ਦੇ ਵਿਆਹਾਂ ਵਿਚ ਮਦਦ, ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕੰਬਲ, ਸਟੇਚਰ, ਦਵਾਈਆਂ, ਵੀਲਚੇਅਰ, ਅਤੇ ਹੋਰ ਹਰ ਸੰਭਵ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਸੰਸਥਾ ਦੇ ਜਰਨਲ ਸਕੱਤਰ ਵਿਨੋਦ ਸ਼ਰਮਾ ਨੇ ਦੱਸਿਆ ਕੇ ਸਾਡੀ ਸੰਸਥਾ ਦੀ ਕੋਸ਼ਿਸ਼ ਹੈ ਕਿ ਅਸੀਂ ਸਮਾਜ 'ਚ ਲੋਕ ਭਲਾਈ ਦਾ ਕੰਮ ਕਰੀਏ ਉਨ੍ਹਾ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਪੰਜ ਮੁਫ਼ਤ ਐਂਬੂਲੈਂਸ ਸੇਵਾ ਵੀ ਚਲਾਈ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਸੰਸਥਾ ਵੱਲੋ 13 ਅਪ੍ਰੈਲ ਨੂੰ ਵਿਸਾਖੀ ਮੌਕੇ ਸਵੇਰੇ ਚਿਲਡਰਨਜ਼ ਪਾਰਕ ਵਿਚ ਵਿਸਾਖੀ ਰਨ ਕਰਵਾਈ ਜਾ ਰਹੀ ਹੈ ਲੋਕ ਵੱਧ ਤੋਂ ਵੱਧ ਇਸ ਵਿਚ ਹਿਸਾ ਲੈਣ।